




ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition








Reg No: AAG1353 | Ludhiana, Monday 16 February, 2026 | website: www.cee7news.com


## ਭਾਰਤੀ ਮੌਸਮ ਵਿਭਾਗ (IMD) ਨੇ ਉੱਤਰੀ ਭਾਰਤ ਵਿੱਚ ਮੌਸਮ ਦੇ ਬਦਲਾਅ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ



ਭਾਰਤੀ ਮੌਸਮ ਵਿਭਾਗ (IMD) ਨੇ ਉੱਤਰੀ ਭਾਰਤ ਵਿੱਚ ਮੌਸਮ ਦੇ ਬਦਲਾਅ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ। ਇੱਕ ਸਰਗਰਮ ਵੈਸਟਰਨ ਡਿਸਟਰਬੈਂਸ (ਪੱਛਮੀ ਵਿਖੋਭ) ਦੇ ਪ੍ਰਭਾਵ ਕਾਰਨ ਅਗਲੇ 3 ਦਿਨਾਂ ਵਿੱਚ 11 ਰਾਜਾਂ ਵਿੱਚ ਮੱਧਮ ਤੋਂ ਭਾਰੀ ਬਾਰਿਸ਼ ਅਤੇ ਤੇਜ਼ ਹਵਾਵਾਂ ਦੀ ਸੰਭਾਵਨਾ ਹੈ। ਇਹ ਰਾਜ ਹਨ: ਉੱਤਰ ਪ੍ਰਦੇਸ਼ (ਖਾਸ ਕਰਕੇ ਪੱਛਮੀ ਜ਼ਿਲ੍ਹੇ), ਮੱਧ ਪ੍ਰਦੇਸ਼, ਜੰਮੂ-ਕਸ਼ਮੀਰ, ਲੱਦਾਖ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਪੰਜਾਬ, ਹਰਿਆਣਾ, ਰਾਜਸਥਾਨ, ਅਰੁਣਾਚਲ ਪ੍ਰਦੇਸ਼ ਅਤੇ ਅੰਡਮਾਨ-ਨਿਕੋਬਾਰ ਟਾਪੂ ਸਮੂਹ।ਪੰਜਾਬ ਵਿੱਚ ਮੌਸਮ ਤੇਜ਼ੀ ਨਾਲ ਬਦਲ ਰਿਹਾ ਹੈ। ਸਵੇਰੇ ਕਈ ਜ਼ਿਲ੍ਹਿਆਂ ਵਿੱਚ ਘੱਟੋ-ਘੱਟ ਤੋਂ ਘੱਟ ਘਣਾ ਕੋਹਰਾ ਛਾਇਆ ਰਹੇਗਾ, ਜਿਸ ਨਾਲ ਦ੍ਰਿਸ਼ਤੀਤਾ ਘੱਟ ਹੋ ਜਾਵੇਗੀ ਅਤੇ ਯਾਤਰਾ ਵਿੱਚ ਮੁਸ਼ਕਲਾਂ ਆ ਸਕਦੀਆਂ ਹਨ। ਬਠਿੰਡਾ, ਮ੍ਰਿਤਸਰ, ਲੁਧਿਆਣਾ, ਜਲੰਧਰ, ਪਟਿਆਲਾ ਅਤੇ ਮੋਹਾਲੀ ਵਰਗੇ ਸ਼ਹਿਰਾਂ ਵਿੱਚ ਕੋਹਰੇ ਦਾ ਅਸਰ ਜ਼ਿਆਦਾ ਹੋਵੇਗਾ। ਹਲਕੀ ਤੋਂ ਮੱਧਮ ਬਾਰਿਸ਼ ਦੀ ਸੰਭਾਵਨਾ ਹੈ, ਖਾਸ ਕਰਕੇ 17 ਅਤੇ 18 ਫਰਵਰੀ ਨੂੰ। ਹਵਾਵਾਂ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਸਕਦੀਆਂ ਹਨ। ਤਾਪਮਾਨ ਵਿੱਚ ਗਿਰਾਵਟ ਆਵੇਗੀ, ਪਰ ਦਿਨ ਵੇਲੇ ਧੁੱਪ ਕਾਰਨ ਗਰਮੀ ਵੀ ਮਹਿਸੂਸ ਹੋ ਸਕਦੀ ਹੈ।ਦਿੱਲੀ-ਐਨਸੀਆਰ ਵਿੱਚ ਬਾਰਿਸ਼ ਦੀ ਸੰਭਾਵਨਾ ਨਹੀਂ ਹੈ। ਅਧਿਕਤਮ ਤਾਪਮਾਨ 27 ਡਿਗਰੀ ਸੈਲਸੀਅਸ ਅਤੇ ਨਿਊਨਤਮ 12 ਡਿਗਰੀ ਰਹਿਣ ਦੀ ਉਮੀਦ ਹੈ। ਸਵੇਰੇ ਅਤੇ ਸ਼ਾਮ ਨੂੰ ਠੰਡ ਵਧੇਗੀ, ਪਰ ਦਿਨ ਵੇਲੇ ਸਾਫ਼ ਅਤੇ ਧੁੱਪ ਵਾਲਾ ਮੌਸਮ ਰਹੇਗਾ। ਹਵਾ ਦੀ ਗੁਣਵੱਤਾ ਵੀ ਸੁਧਰ ਰਹੀ ਹੈ।

## ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅੱਜ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅੱਜ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਇਹ ਖ਼ਬਰ ਮੀਡੀਆ ਸਰੋਤਾਂ ਤੋਂ ਸਾਹਮਣੇ ਆਈ ਹੈ। ਸੂਤਰਾਂ ਅਨੁਸਾਰ, ਮੁੱਖ ਮੰਤਰੀ ਧੂਰੀ ਵਿੱਚ ਮਹਾਸ਼ਿਵਰਾਤਰੀ ਦੇ ਸਮਾਗਮਾਂ ਵਿੱਚ ਸ਼ਾਮਲ ਹੋਏ ਸਨ ਅਤੇ ਉੱਥੇ ਅਰਵਿੰਦ ਕੇਜਰੀਵਾਲ ਨਾਲ ਵੀ ਸਨ। ਸੰਗਰੂਰ ਤੋਂ ਬਾਅਦ ਉਹ ਚੰਡੀਗੜ੍ਹ ਵੱਲ ਰਵਾਨਾ ਹੋਏ ਸਨ ਪਰ ਰਸਤੇ ਵਿੱਚ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਅਚਾਨਕ ਵਧ ਗਿਆ। ਇਸ ਕਾਰਨ ਉਨ੍ਹਾਂ ਨੂੰ ਤੁਰੰਤ ਮੋਹਾਲੀ ਦੇ ਫੋਰਟਿਸ ਹਸਪਤਾਲ ਲਿਜਾਇਆ ਗਿਆ।

ਮੁੱਖ ਮੰਤਰੀ ਨੂੰ ਦੁਪਹਿਰ ਕਰੀਬ 3:20 ਵਜੇ ਹਸਪਤਾਲ ਪਹੁੰਚਾਇਆ ਗਿਆ। ਡਾਕਟਰਾਂ ਦੀ ਟੀਮ ਉਨ੍ਹਾਂ ਦੀ ਜਾਂਚ ਕਰ ਰਹੀ ਹੈ ਅਤੇ ਉਨ੍ਹਾਂ ਦੀ ਸਿਹਤ ਨੂੰ ਨਿਗਰਾਨੀ ਹੇਠ ਰੱਖਿਆ ਗਿਆ ਹੈ। ਅੱਜ ਉਨ੍ਹਾਂ ਦਾ ਫਾਜ਼ਿਲਕਾ ਜਾਣ ਦਾ ਪ੍ਰੋਗਰਾਮ ਸੀ ਪਰ ਸਿਹਤ ਖਰਾਬ ਹੋਣ ਕਾਰਨ ਉਹ ਨਹੀਂ ਜਾ ਸਕੇ। ਇਹ ਘਟਨਾ ਪੰਜਾਬ ਦੀ ਜਨੀਤੀ ਵਿੱਚ ਚਿੰਤਾ ਦਾ ਵਿਸ਼ਾ ਬਣ ਗਈ ਹੈ ਕਿਉਂਕਿ ਭਗਵੰਤ ਮਾਨ ਪਿਛਲੇ ਕੁਝ ਸਮੇਂ ਤੋਂ ਵਿਅਸਤ ਰਹੇ ਹਨ ਅਤੇ ਲਗਾਤਾਰ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦੇ ਰਹੇ ਹਨ।ਪਿਛਲੇ ਸਾਲ ਸਤੰਬਰ ਵਿੱਚ ਵੀ ਮੁੱਖ ਮੰਤਰੀ ਨੂੰ ਇਸੇ ਹਸਪਤਾਲ ਵਿੱਚ ਦਾਖਲ ਕੀਤਾ ਗਿਆ ਸੀ ਜਦੋਂ ਉਨ੍ਹਾਂ ਨੂੰ ਥਕਾਵਟ ਅਤੇ ਦਿਲ ਦੀ ਧੜਕਣ ਘੱਟ ਹੋਣ ਦੀ ਸ਼ਿਕਾਇਤ ਹੋਈ ਸੀ। ਉਸ ਸਮੇਂ ਉਹ ਕਈ ਦਿਨ ਹਸਪਤਾਲ ਵਿੱਚ ਰਹੇ ਅਤੇ ਬਾਅਦ ਵਿੱਚ ਛੁੱਟੀ ਮਿਲੀ ਸੀ। ਉਸ ਵੇਲੇ ਵੀ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਆਇਆ ਸੀ ਅਤੇ ਉਹ ਜਲਦੀ ਹੀ ਆਪਣੇ ਕੰਮਾਂ ਵਿੱਚ ਵਾਪਸ ਆ ਗਏ ਸਨ। ਹੁਣ ਵੀ ਡਾਕਟਰ ਉਨ੍ਹਾਂ ਦੀ ਸਿਹਤ ਨੂੰ ਸਥਿਰ ਕਰਨ ਲਈ ਪੂਰੀ ਕੋਸ਼ਿਸ਼ ਕਰ ਰਹੇ ਹਨ।ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਅਜੇ ਤੱਕ ਇਸ ਬਾਰੇ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਪਰ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਦੀ ਸਿਹਤ 'ਤੇ ਨਜ਼ਰ ਰੱਖੀ ਜਾ ਰਹੀ ਹੈ। ਲੋਕਾਂ ਵਿੱਚ ਚਿੰਤਾ ਹੈ ਅਤੇ ਸੋਸ਼ਲ ਮੀਡੀਆ 'ਤੇ ਵੀ ਇਸ ਖ਼ਬਰ ਨੂੰ ਲੈ ਕੇ ਚਰਚਾ ਚੱਲ ਰਹੀ ਹੈ। ਭਗਵੰਤ ਮਾਨ ਪੰਜਾਬ ਦੇ ਮੁੱਖ ਮੰਤਰੀ ਵਜੋਂ ਲੋਕਾਂ ਨਾਲ ਸਿੱਧਾ ਸੰਪਰਕ ਰੱਖਦੇ ਹਨ ਅਤੇ ਉਨ੍ਹਾਂ ਦੀ ਸਿਹਤ ਪੂਰੇ ਸੂਬੇ ਲਈ ਮਹੱਤਵਪੂਰਨ ਹੈ।ਇਹ ਘਟਨਾ ਦਰਸਾਉਂਦੀ ਹੈ ਕਿ ਰਾਜਨੀਤਕ ਆਗੂ ਵੀ ਆਮ ਇਨਸਾਨਾਂ ਵਾਂਗ ਸਿਹਤ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ। ਉੱਚ ਪੱਧਰੀ ਜ਼ਿੰਮੇਵਾਰੀਆਂ ਕਾਰਨ ਉਨ੍ਹਾਂ ਨੂੰ ਲਗਾਤਾਰ ਯਾਤਰਾਵਾਂ ਅਤੇ ਪ੍ਰੋਗਰਾਮਾਂ ਵਿੱਚ ਰਹਿਣਾ ਪੈਂਦਾ ਹੈ ਜਿਸ ਨਾਲ ਸਰੀਰ 'ਤੇ ਬਹੁਤ ਦਬਾਅ ਪੈਂਦਾ ਹੈ। ਡਾਕਟਰਾਂ ਨੂੰ ਉਮੀਦ ਹੈ ਕਿ ਜਲਦੀ ਹੀ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਆ ਜਾਵੇਗਾ ਅਤੇ ਉਹ ਆਪਣੇ ਕੰਮਾਂ ਵਿੱਚ ਵਾਪਸ ਆ ਜਾਣਗੇ।ਪੰਜਾਬ ਦੇ ਲੋਕ ਉਨ੍ਹਾਂ ਦੀ ਜਲਦੀ ਸਿਹਤਯਾਬੀ ਲਈ ਅਰਦਾਸ ਕਰ ਰਹੇ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਸਾਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਰਹਿਣ ਦੀ ਯਾਦ ਦਿਵਾਉਂਦੀਆਂ ਹਨ। ਬਲੱਡ ਪ੍ਰੈਸ਼ਰ ਵਰਗੀਆਂ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਮੁੱਖ ਮੰਤਰੀ ਦੀ ਸਿਹਤ ਨੂੰ ਲੈ ਕੇ ਅਗਲੀਆਂ ਅਪਡੇਟਾਂ ਦਾ ਇੰਤਜ਼ਾਰ ਹੈ ਅਤੇ ਉਮੀਦ ਹੈ ਕਿ ਸਭ ਕੁਝ ਠੀਕ ਹੋ ਜਾਵੇਗਾ।

**Politics News** ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਵੱਡਾ ਝਟਕਾ ਲੱਗਿਆ

# ਪੰਜਾਬ ਦੀ ਸਿਆਸਤ ਵਿੱਚ ਇੱਕ ਵੱਡਾ ਰਾਜਨੀਤਿਕ ਧਮਾਕਾ ਹੋਇਆ ਹੈ।

ਪੰਜਾਬ ਦੀ ਸਿਆਸਤ ਵਿੱਚ ਇੱਕ ਵੱਡਾ ਰਾਜਨੀਤਿਕ ਧਮਾਕਾ ਹੋਇਆ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਵੱਡਾ ਝਟਕਾ ਲੱਗਿਆ ਜਦੋਂ ਸੰਗਰੂਰ ਦੇ ਭਾਜਪਾ ਉਪ ਪ੍ਰਧਾਨ ਅਤੇ ਸੀਨੀਅਰ ਆਗੂ ਅਰਵਿੰਦ ਖੰਨਾ ਨੇ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਇਹ ਘਟਨਾ ਪੰਜਾਬ ਦੀਆਂ ਆਉਣ ਵਾਲੀਆਂ 2027 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੱਡੀ ਹਲਚਲ ਪੈਦਾ ਕਰ ਰਹੀ ਹੈ। ਅਰਵਿੰਦ ਖੰਨਾ ਇੱਕ ਜਾਣੇ-ਪਛਾਣੇ ਵਪਾਰੀ, ਨਿਵੇਸ਼ਕ ਅਤੇ ਭਲਾਈਕਾਰੀ ਕਾਰਜਾਂ ਵਿੱਚ ਸਰਗਰਮ ਰਹੇ ਹਨ। ਉਹਨਾਂ ਦਾ ਜਨਮ 29 ਮਈ 1967 ਨੂੰ ਹੋਇਆ ਸੀ ਅਤੇ ਉਹਨਾਂ ਨੇ ਰਾਜਨੀਤੀ ਵਿੱਚ ਆਪਣੀ ਸ਼ੁਰੂਆਤ ਸ਼੍ਰੋਮਣੀ ਅਕਾਲੀ ਦਲ ਤੋਂ ਹੀ ਕੀਤੀ ਸੀ। 1997 ਵਿੱਚ ਸੁਖਬੀਰ ਸਿੰਘ ਬਾਦਲ ਦੇ ਸੰਪਰਕ ਵਿੱਚ ਆ ਕੇ ਉਹ ਅਕਾਲੀ ਦਲ ਵਿੱਚ ਸ਼ਾਮਲ ਹੋਏ ਸਨ ਅਤੇ ਯੂਥ ਵਿੰਗ ਦੇ ਜਨਰਲ ਸਕੱਤਰ ਵੀ ਰਹੇ। ਬਾਅਦ ਵਿੱਚ ਉਹਨਾਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਜੁਆਇਨ ਕੀਤੀ ਅਤੇ ਸੰਗਰੂਰ ਤੋਂ ਦੋ ਵਾਰ ਵਿਧਾਇਕ ਵੀ ਰਹੇ। 2014 ਵਿੱਚ ਕਾਂਗਰਸ ਛੱਡਣ ਤੋਂ ਬਾਅਦ 2022 ਵਿੱਚ ਉਹ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ ਅਤੇ ਉੱਥੇ ਵੀ ਉੱਚ ਅਹੁਦੇ ਪ੍ਰਾਪਤ ਕੀਤੇ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਉਹਨਾਂ ਨੂੰ ਸੰਗਰੂਰ ਤੋਂ ਉਮੀਦਵਾਰ ਵੀ ਬਣਾਇਆ ਸੀ, ਪਰ ਹੁਣ ਉਹ ਵਾਪਸ ਅਕਾਲੀ ਦਲ ਵੱਲ ਮੁੜ ਆਏ ਹਨ।ਇਸ ਵਾਰ ਅਰਵਿੰਦ ਖੰਨਾ ਨੇ ਭਾਜਪਾ ਛੱਡਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮੌਜੂਦਗੀ ਵਿੱਚ ਪਾਰਟੀ ਜੁਆਇਨ ਕੀਤੀ। ਸੁਖਬੀਰ ਬਾਦਲ ਖੁਦ ਅਰਵਿੰਦ ਖੰਨਾ ਦੇ ਘਰ ਸੰਗਰੂਰ ਪਹੁੰਚੇ ਅਤੇ ਉਹਨਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ। ਦੋਹਾਂ ਆਗੂਆਂ ਦੀ ਪੁਰਾਣੀ ਦੋਸਤੀ ਹੈ ਅਤੇ ਇਹ ਕਦਮ ਪਹਿਲਾਂ ਤੋਂ ਹੀ ਚਰਚਾ ਵਿੱਚ ਸੀ। ਖੰਨਾ ਨੇ ਆਪਣੇ ਫੈਸਲੇ ਨੂੰ ਪੰਜਾਬ ਦੇ ਹਿਤਾਂ ਅਤੇ ਵਿਚਾਰਧਾਰਾ ਨਾਲ ਜੋੜਦਿਆਂ ਦੱਸਿਆ ਕਿ ਉਹ ਅਕਾਲੀ ਦਲ ਵਿੱਚ ਵਾਪਸ ਆ ਕੇ ਪੰਜਾਬੀਆਂ ਦੀ ਸੇਵਾ ਕਰਨਾ ਚਾਹੁੰਦੇ ਹਨ। ਹਾਲਾਂਕਿ ਖੰਨਾ ਵੱਲੋਂ ਵਿਸਥਾਰ ਨਾਲ ਕਾਰਨਾਂ ਬਾਰੇ ਜਨਤਕ ਬਿਆਨ ਸਾਹਮਣੇ ਨਹੀਂ ਆਏ, ਪਰ ਰਾਜਨੀਤਕ ਵਿਸ਼ਲੇਸ਼ਕ ਇਸ ਨੂੰ ਭਾਜਪਾ ਅਤੇ ਅਕਾਲੀ ਦਲ ਵਿਚਾਲੇ ਸੰਭਾਵਿਤ ਗਠਜੋੜ ਦੀਆਂ ਚਰਚਾਵਾਂ ਨਾਲ ਜੋੜ ਰਹੇ ਹਨ।ਪੰਜਾਬ ਵਿੱਚ ਇਹ ਘਟਨਾ ਭਾਜਪਾ ਲਈ ਵੱਡਾ ਝਟਕਾ ਮੰਨੀ ਜਾ ਰਹੀ ਹੈ ਕਿਉਂਕਿ ਸੰਗਰੂਰ ਵਰਗੇ ਖੇਤਰ ਵਿੱਚ ਖੰਨਾ ਦਾ ਵੱਡਾ ਪ੍ਰਭਾਵ ਹੈ।



ਉਹਨਾਂ ਨੇ ਭਾਜਪਾ ਵਿੱਚ ਸਿਰਫ਼ ਚਾਰ ਸਾਲ ਹੀ ਬਿਤਾਏ ਸਨ ਅਤੇ ਹੁਣ ਵਾਪਸ ਅਕਾਲੀ ਦਲ ਵਿੱਚ ਜਾ ਕੇ ਪਾਰਟੀ ਨੂੰ ਮਜ਼ਬੂਤੀ ਦੇਣ ਦੀ ਉਮੀਦ ਜਗਾ ਰਹੇ ਹਨ। ਅਕਾਲੀ ਦਲ ਲਈ ਇਹ ਇੱਕ ਵੱਡੀ ਜਿੱਤ ਹੈ ਕਿਉਂਕਿ ਖੰਨਾ ਵਰਗੇ ਅਨੁਭਵੀ ਅਤੇ ਵਿੱਤੀ ਤੌਰ 'ਤੇ ਮਜ਼ਬੂਤ ਆਗੂ ਨਾਲ ਪਾਰਟੀ ਦੀ ਤਾਕਤ ਵਧੇਗੀ। ਸੁਖਬੀਰ ਬਾਦਲ ਨੇ ਇਸ ਨੂੰ ਪਾਰਟੀ ਲਈ ਸਕਾਰਾਤਮਕ ਕਦਮ ਦੱਸਿਆ ਅਤੇ ਪੰਜਾਬ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਇਕੱਠੇ ਕੰਮ ਕਰਨ ਦੀ ਗੱਲ ਕਹੀ।

ਪੰਜਾਬ ਦੀ ਸਿਆਸਤ ਵਿੱਚ ਅਕਸਰ ਅਜਿਹੇ ਆਉਣ-ਜਾਣ ਵਾਲੇ ਬਦਲਾਅ ਹੁੰਦੇ ਰਹਿੰਦੇ ਹਨ। ਅਰਵਿੰਦ ਖੰਨਾ ਦਾ ਇਹ ਫੈਸਲਾ ਦਰਸਾਉਂਦਾ ਹੈ ਕਿ 2027 ਦੀਆਂ ਚੋਣਾਂ ਲਈ ਸਾਰੀਆਂ ਪਾਰਟੀਆਂ ਆਪਣੇ ਆਪ ਨੂੰ ਮਜ਼ਬੂਤ ਕਰਨ ਵਿੱਚ ਲੱਗੀਆਂ ਹੋਈਆਂ ਹਨ। ਭਾਜਪਾ ਨੂੰ ਹੁਣ ਸੰਗਰੂਰ ਵਿੱਚ ਨਵਾਂ ਚਿਹਰਾ ਲੱਭਣਾ ਪਵੇਗਾ ਜਦਕਿ ਅਕਾਲੀ ਦਲ ਇਸ ਨੂੰ ਆਪਣੇ ਹੱਕ ਵਿੱਚ ਵਰਤਣ ਦੀ ਕੋਸ਼ਿਸ਼ ਕਰੇਗੀ। ਇਹ ਘਟਨਾ ਪੰਜਾਬ ਦੀ ਰਾਜਨੀਤੀ ਵਿੱਚ ਨਵੀਂ ਹਲਚਲ ਦਾ ਸੰਕੇਤ ਹੈ ਅਤੇ ਅਗਲੇ ਮਹੀਨਿਆਂ ਵਿੱਚ ਹੋਰ ਅਜਿਹੇ ਬਦਲਾਅ ਵੇਖਣ ਨੂੰ ਮਿਲ ਸਕਦੇ ਹਨ।ਅਰਵਿੰਦ ਖੰਨਾ ਦੀ ਵਾਪਸੀ ਨਾਲ ਅਕਾਲੀ ਦਲ ਨੂੰ ਨਵੀਂ ਊਰਜਾ ਮਿਲੇਗੀ ਅਤੇ ਉਹ ਪੰਜਾਬ ਦੇ ਲੋਕਾਂ ਦੇ ਮੁੱਦਿਆਂ 'ਤੇ ਵਧੇਰੇ ਜ਼ੋਰ ਨਾਲ ਆਵਾਜ਼ ਉਠਾ ਸਕੇਗੀ। ਇਹ ਸਿਆਸੀ ਬਦਲਾਅ ਪੰਜਾਬ ਦੀਆਂ ਆਉਣ ਵਾਲੀਆਂ ਚੋਣਾਂ ਨੂੰ ਹੋਰ ਰੋਚਕ ਬਣਾਉਣ ਵਾਲਾ ਹੈ।

# ਟੀ-20 ਵਿਸ਼ਵ ਕੱਪ 2026: ਭਾਰਤ ਦੀ ਇਤਿਹਾਸਕ ਜਿੱਤ

## ਪਾਕਿਸਤਾਨ ਨੂੰ 61 ਦੌੜਾਂ ਨਾਲ ਚਿੱਤ ਕਰਕੇ ਸੁਪਰ-8 ਵਿੱਚ ਮਾਰੀ ਐਂਟਰੀ





ਕੋਲੰਬੋ: ਟੀ-20 ਵਿਸ਼ਵ ਕੱਪ 2026 ਦੇ ਸਭ ਤੋਂ ਵੱਧ ਉਡੀਕੇ ਜਾਣ ਵਾਲੇ ਮਹਾਂ-ਮੁਕਾਬਲੇ ਵਿੱਚ ਅੱਜ ਭਾਰਤੀ ਕ੍ਰਿਕਟ ਟੀਮ ਨੇ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ ਹਰ ਖੇਤਰ ਵਿੱਚ ਮਾਤ ਦਿੰਦਿਆਂ 61 ਦੌੜਾਂ ਦੇ ਵੱਡੇ ਅੰਤਰ ਨਾਲ ਇੱਕ ਇਤਿਹਾਸਕ ਜਿੱਤ ਦਰਜ ਕੀਤੀ ਹੈ। ਕੋਲੰਬੋ ਦੇ ਆਰ. ਪ੍ਰੇਮਦਾਸਾ ਸਟੇਡੀਅਮ ਵਿੱਚ ਖੇਡੇ ਗਏ ਇਸ ਹਾਈ-ਵੋਲਟੇਜ ਮੈਚ ਵਿੱਚ ਭਾਰਤ ਵੱਲੋਂ ਦਿੱਤੇ ਗਏ 176 ਦੌੜਾਂ ਦੇ ਚੁਣੌਤੀਪੂਰਨ ਟੀਚੇ ਦਾ ਪਿੱਛਾ ਕਰਨ ਉਤਰੀ ਪਾਕਿਸਤਾਨੀ ਟੀਮ ਭਾਰਤੀ ਗੇਂਦਬਾਜ਼ਾਂ ਦੇ ਘਾਤਕ ਹਮਲੇ ਅੱਗੇ ਪੂਰੀ ਤਰ੍ਹਾਂ ਬੇਵੱਸ ਨਜ਼ਰ ਆਈ ਅਤੇ ਮਹਿਜ਼ 18 ਓਵਰਾਂ ਵਿੱਚ 114 ਦੌੜਾਂ 'ਤੇ ਹੀ ਢੇਰ ਹੋ ਗਈ। ਇਸ ਸ਼ਾਨਦਾਰ ਜਿੱਤ ਦੇ ਨਾਲ ਹੀ ਭਾਰਤ ਨੇ ਗਰੁੱਪ-ਏ ਵਿੱਚ ਆਪਣੀ ਲਗਾਤਾਰ ਤੀਜੀ ਜਿੱਤ ਦਰਜ ਕਰਕੇ ਅੰਕ ਸੂਚੀ ਵਿੱਚ ਸਿਖਰਲਾ ਸਥਾਨ ਹਾਸਲ ਕਰ ਲਿਆ ਹੈ ਅਤੇ ਸੁਪਰ-8 ਪੜਾਅ ਵਿੱਚ ਜਗ੍ਹਾ ਬਣਾਉਣ ਵਾਲੀ ਟੂਰਨਾਮੈਂਟ ਦੀ ਪਹਿਲੀ ਟੀਮ ਬਣ ਗਈ ਹੈ।

ਮੈਚ ਦੀ ਸ਼ੁਰੂਆਤ ਭਾਰਤੀ ਸਲਾਮੀ ਬੱਲੇਬਾਜ਼ ਈਸ਼ਾਨ ਕਿਸ਼ਨ ਦੇ ਬੱਲੇ ਤੋਂ ਨਿਕਲੇ ਤੂਫ਼ਾਨ ਨਾਲ ਹੋਈ, ਜਿਨ੍ਹਾਂ ਨੇ ਪਾਕਿਸਤਾਨੀ ਤੇਜ਼ ਗੇਂਦਬਾਜ਼ਾਂ ਦੀਆਂ ਉਡਾਣਾਂ ਭਰਦਿਆਂ ਮਹਿਜ਼ 40 ਗੇਂਦਾਂ ਵਿੱਚ 77 ਦੌੜਾਂ ਦੀ ਬੇਹੱਦ ਤੇਜ਼-ਤਰਾਰ ਪਾਰੀ ਖੇਡੀ। ਕਿਸ਼ਨ ਦੀ ਇਸ ਪਾਰੀ ਵਿੱਚ ਕਈ ਦਿਲਕਸ਼ ਛੱਕੇ ਅਤੇ ਚੌਕੇ ਸ਼ਾਮਲ ਸਨ, ਜਿਸ ਨੇ ਸਟੇਡੀਅਮ ਵਿੱਚ ਮੌਜੂਦ ਹਜ਼ਾਰਾਂ ਪ੍ਰਸ਼ੰਸਕਾਂ ਨੂੰ ਝੂਮਣ ਲਾ ਦਿੱਤਾ। ਕਪਤਾਨ ਸੂਰਿਆਕੁਮਾਰ ਯਾਦਵ ਨੇ ਵੀ ਸੂਝ-ਬੂਝ ਨਾਲ ਬੱਲੇਬਾਜ਼ੀ ਕਰਦਿਆਂ 32 ਦੌੜਾਂ ਦਾ ਅਹਿਮ ਯੋਗਦਾਨ ਪਾਇਆ, ਜਿਸ ਸਦਕਾ ਭਾਰਤ 20 ਓਵਰਾਂ ਵਿੱਚ 175 ਦੌੜਾਂ ਦੇ ਮਜ਼ਬੂਤ ਸਕੋਰ ਤੱਕ ਪਹੁੰਚਣ ਵਿੱਚ ਸਫ਼ਲ ਰਿਹਾ। ਜਵਾਬ ਵਿੱਚ ਪਾਕਿਸਤਾਨੀ ਟੀਮ ਦੀ ਸ਼ੁਰੂਆਤ ਬੇਹੱਦ ਖ਼ਰਾਬ ਰਹੀ ਅਤੇ ਸਲਾਮੀ ਬੱਲੇਬਾਜ਼ ਸਸਤੇ ਵਿੱਚ ਪੈਵੇਲੀਅਨ ਪਰਤ ਗਏ। ਜਸਪ੍ਰੀਤ ਬੁਮਰਾਹ ਨੇ ਆਪਣੇ ਤਿੱਖੇ ਸਪੈੱਲ ਨਾਲ ਪਾਕਿਸਤਾਨੀ ਬੱਲੇਬਾਜ਼ਾਂ ਨੂੰ ਖੁੱਲ੍ਹ ਕੇ ਖੇਡਣ ਦਾ ਕੋਈ ਮੌਕਾ ਨਹੀਂ ਦਿੱਤਾ। ਬੁਮਰਾਹ ਦੇ ਨਾਲ-ਨਾਲ ਅਕਸ਼ਰ ਪਟੇਲ, ਵਰੁਣ ਚੱਕਰਵਰਤੀ ਅਤੇ ਹਾਰਦਿਕ ਪਾਂਡਿਆ ਨੇ 2-2 ਵਿਕਟਾਂ ਝਟਕ ਕੇ ਪਾਕਿਸਤਾਨੀ ਬੱਲੇਬਾਜ਼ੀ ਦੀ ਕਮਰ ਤੋੜ ਦਿੱਤੀ। ਪਾਕਿਸਤਾਨ ਵੱਲੋਂ ਕੋਈ ਵੀ ਬੱਲੇਬਾਜ਼ ਵੱਡੀ ਪਾਰੀ ਖੇਡਣ ਵਿੱਚ ਨਾਕਾਮ ਰਿਹਾ ਅਤੇ ਪੂਰੀ ਟੀਮ 114 ਦੌੜਾਂ 'ਤੇ ਹੀ ਸਿਮਟ ਗਈ।

ਇਸ ਮੁਕਾਬਲੇ ਦਾ ਸਿਆਸੀ ਅਤੇ ਭਾਵਨਾਤਮਕ ਪੱਖ ਵੀ ਕਾਫ਼ੀ ਚਰਚਾ ਵਿੱਚ ਰਿਹਾ। ਮੈਚ ਸ਼ੁਰੂ ਹੋਣ ਤੋਂ ਪਹਿਲਾਂ ਜਦੋਂ ਦੋਵਾਂ ਟੀਮਾਂ ਦੇ ਕਪਤਾਨ ਟਾਸ ਲਈ ਮੈਦਾਨ ਵਿੱਚ ਆਏ, ਤਾਂ ਉਨ੍ਹਾਂ ਨੇ ਆਪਸ ਵਿੱਚ ਹੱਥ ਨਹੀਂ ਮਿਲਾਇਆ। ਦੱਸਿਆ ਜਾ ਰਿਹਾ ਹੈ ਕਿ ਇਹ ਫੈਸਲਾ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਦੇ ਵਿਰੋਧ ਵਿੱਚ ਲਿਆ ਗਿਆ ਸੀ, ਜਿਸ ਨੇ ਮੈਦਾਨ ਦੇ ਅੰਦਰੂਨੀ ਮਾਹੌਲ ਵਿੱਚ ਤਣਾਅ ਅਤੇ ਦੇਸ਼-ਭਗਤੀ ਦਾ ਰੰਗ ਹੋਰ ਗੂੜ੍ਹਾ ਕਰ ਦਿੱਤਾ। ਸਟੇਡੀਅਮ ਵਿੱਚ ਮੌਜੂਦ ਸਾਬਕਾ ਕਪਤਾਨ ਰੋਹਿਤ ਸ਼ਰਮਾ ਨੇ ਵੀ ਟੀਮ ਦਾ ਹੌਸਲਾ ਵਧਾਇਆ, ਜਦੋਂਕਿ ਮਸ਼ਹੂਰ ਰੈਪਰ ਹਨੂਮਾਨਕਾਈਂਡ (Hanumankind) ਦੀ ਦਮਦਾਰ ਪਰਫਾਰਮੈਂਸ ਨੇ ਦਰਸ਼ਕਾਂ ਵਿੱਚ ਇੱਕ ਵੱਖਰਾ ਹੀ ਜੋਸ਼ ਭਰ ਦਿੱਤਾ।

ਇਤਿਹਾਸਕ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਵਿਸ਼ਵ ਕੱਪ ਦੇ ਇਤਿਹਾਸ ਵਿੱਚ ਦੌੜਾਂ ਦੇ ਲਿਹਾਜ਼ ਨਾਲ ਪਾਕਿਸਤਾਨ ਵਿਰੁੱਧ ਇਹ ਭਾਰਤ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਅਤੇ ਯਾਦਗਾਰ ਜਿੱਤ ਹੈ। ਪਾਕਿਸਤਾਨ, ਜੋ ਕਿ 2009 ਦਾ ਚੈਂਪੀਅਨ ਰਿਹਾ ਹੈ, ਇਸ ਵਾਰ ਭਾਰਤੀ ਚੁਣੌਤੀ ਦੇ ਸਾਹਮਣੇ ਬੇਬੱਸ ਦਿਖਾਈ ਦਿੱਤਾ। ਭਾਰਤ ਦੀ ਇਸ ਜਿੱਤ ਨੇ ਜਿੱਥੇ ਸੁਪਰ-8 ਲਈ ਰਾਹ ਪੱਧਰਾ ਕਰ ਦਿੱਤਾ ਹੈ, ਉੱਥੇ ਹੀ ਪਾਕਿਸਤਾਨ ਲਈ ਹੁਣ ਟੂਰਨਾਮੈਂਟ ਵਿੱਚ ਬਣੇ ਰਹਿਣਾ ਇੱਕ ਵੱਡੀ ਚੁਣੌਤੀ ਬਣ ਗਿਆ ਹੈ। ਖੇਡ ਮਾਹਿਰਾਂ ਅਨੁਸਾਰ ਈਸ਼ਾਨ ਕਿਸ਼ਨ ਦੀ ਨਿਡਰ ਬੱਲੇਬਾਜ਼ੀ ਅਤੇ ਭਾਰਤੀ ਸਪਿਨਰਾਂ ਦੀ ਸਹੀ ਲਾਈਨ-ਲੈਂਥ ਇਸ ਜਿੱਤ ਦਾ ਮੁੱਖ ਕਾਰਨ ਰਹੀ। ਮੈਚ ਤੋਂ ਬਾਅਦ ਪੂਰੇ ਭਾਰਤ ਵਿੱਚ ਜਸ਼ਨ ਦਾ ਮਾਹੌਲ ਹੈ ਅਤੇ ਪ੍ਰਸ਼ੰਸਕਾਂ ਨੂੰ ਉਮੀਦ ਹੈ ਕਿ ਭਾਰਤੀ ਟੀਮ 2007 ਅਤੇ 2024 ਦੀ ਤਰ੍ਹਾਂ ਇੱਕ ਵਾਰ ਫਿਰ ਵਿਸ਼ਵ ਕੱਪ ਦੀ ਟਰਾਫੀ ਚੁੱਕਣ ਵਿੱਚ ਕਾਮਯਾਬ ਹੋਵੇਗੀ।

# “ਪਿਆਰ” ਅਜਿਹੇ ਵਿਸ਼ਵਾਸ ਦਾ ਨਾਮ ਹੈ ਜਿਸ ਵਿੱਚ ਕੋਈ ਗੁੰਨਜਾਇਸ਼ ਨਹੀਂ ਬੱਚਦੀ।

## ਪਿਆਰ ਹੈ ਜਾਂ ਨਹੀਂ ਹੈ ... ਇਹ ਥੋੜ੍ਹਾ ਥੋੜ੍ਹਾ ਤੇ ਜ਼ਿਆਦਾ ਨਹੀਂ ਹੁੰਦਾ।



**ਮਨਦੀਪ ਕੌਰ ਟਾਂਗਰਾ**

“ਪਿਆਰ” ਅਜਿਹੇ ਵਿਸ਼ਵਾਸ ਦਾ ਨਾਮ ਹੈ ਜਿਸ ਵਿੱਚ ਕੋਈ ਗੁੰਨਜਾਇਸ਼ ਨਹੀਂ ਬੱਚਦੀ। ਕਿਸੇ ਵਿਅਕਤੀ ਦਾ ਤੁਹਾਡੇ ਵਿੱਚ ਤੁਹਾਡੀ ਕਾਬਲੀਅਤ ਵਿੱਚ ਸਿਖ਼ਰ ਦਾ ਵਿਸ਼ਵਾਸ ਤੁਹਾਨੂੰ ਕੋਈ ਵੀ ਮੁਕਾਮ ਹਾਸਲ ਕਰਵਾ ਸਕਦਾ ਹੈ। ਪਿਆਰ ਹੈ ਜਾਂ ਨਹੀਂ ਹੈ ... ਇਹ ਥੋੜ੍ਹਾ ਥੋੜ੍ਹਾ ਤੇ ਜ਼ਿਆਦਾ ਨਹੀਂ ਹੁੰਦਾ। ਇਹ ਸਿਫ਼ਰ ਜਾਂ ਸੌ ਹੁੰਦਾ ਹੈ, ਵਿੱਚ ਵਿਚਾਲੇ ਨਹੀਂ ਹੁੰਦਾ.. ਬਾਕੀ ਸਭ ਮਤਲਬ ਹੁੰਦਾ .. ਸੌਦੇਬਾਜ਼ੀ ਹੁੰਦੀ.. ਵਕਤ ਟਪਾਉਣਾ ਹੁੰਦਾ ! ਕਈ ਲੋਕ ਕਲਾਬਾਜ਼ੀ ਕਰਦੇ ਹਨ.. ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ, ਕਰਦੀ ਹਾਂ ਤੇ ਓਹਲਾ ਰੱਖਣ ਵਿੱਚ ਕਾਮਯਾਬ ਰਹਿੰਦੇ ਨੇ.. ਅੰਗਰੇਜ਼ੀ ਦਾ ਸ਼ਬਦ ਕਹਾਂ ਤੇ “Play” ਕਰਦੇ ਹਨ। ਤੇ ਫੇਰ ਅਸੀ ਸੋਚਾਂ ਵਿੱਚ ਪਏ ਹੁੰਦੇ ਹਾਂ ਕਾਮਯਾਬ ਕਿਓਂ ਨਹੀਂ .. ਮੁਹੱਬਤ। ਜਿਹੜੀ ਹੈ ਹੀ ਨਹੀਂ, ਮੁਖੌਟਾ ਹੈ.. ਉਹ ਕੀ ਕਾਮਯਾਬ ਹੋਣੀ ਹੈ? ਟਾਂਵੇਂ ਟਾਂਵੇ ਪਿਆਰੇ ਜੋੜੇ ਹਨ .. ਜਿਨ੍ਹਾਂ ਪਿਆਰ ਵਿੱਚ ਰੱਬ ਪਾਇਆ ਹੈ, ਸੁੱਖ ਪਾਇਆ ਹੈ .. ਸਦਾ ਖੁਸ਼ ਰਹੋ। Happy Belated Valentine’s Day !

- ਮਨਦੀਪ ਕੌਰ ਟਾਂਗਰਾ

## ਸਵੇਰ ਸੁਨੇਹਾ (ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ)



ਲਹਿਰਾਂ ਤੇ ਮੁੱਦੇ ਉਠਦੇ ਰਹਿੰਦੇ ਹਨ।ਦੱਬਦੇ ਵੀ ਹਨ ਤੇ ਦਬਾਏ ਵੀ ਜਾਂਦੇ ਹਨ। ਪ੍ਰੰਤੂ ਸਿਆਸੀ ਲੋਕ ਫਾਇਦਾ ਉਠਾ ਜਾਂਦੇ ਹਨ। ਗਰੀਬ ਤੇ ਭੋਲੀ ਭਾਲੀ ਜਨਤਾ ਹਮੇਸ਼ਾ ਲੁੱਟੀ ਤੇ ਨਪੀੜੀ ਜਾਂਦੀ ਹੈ।

ਸਾਰੀਆਂ ਹੀ ਸਿਆਸੀ ਪਾਰਟੀਆਂ ਚੋਣਾਂ ਮੁੱਖ ਰੱਖ ਕੇ ਬਹੁਤ ਵੱਡੀਆਂ ਤੇ ਬਹੁਤ ਸਾਰੀਆਂ ਰੈਲੀਆਂ ਦਾ ਐਲਾਨ ਕਰ ਚੁੱਕੀਆਂ ਹਨ। ਉਨ੍ਹਾਂ 'ਚੋਂ ਬੇਅਦਬੀ, ਨਸ਼ੇ, ਬੇਰੁਜ਼ਗਾਰੀ ਤੇ ਕਤਲੋਗਾਰਦ ਦੇ ਮੁੱਦਿਆਂ ਬਾਰੇ ਕੋਈ ਗੱਲ ਨਹੀਂ ਕੀਤੀ ਜਾ ਰਹੀ। ਸਿਰਫ਼ ਚੋਣ ਪ੍ਰਚਾਰ ਦੀ ਮੁਹਿੰਮ ਜ਼ਿਆਦਾ ਨਜ਼ਰ ਆ ਰਹੀ ਹੈ। ਜਿਹੜੀ ਧਰਤੀ (ਮੋਗਾ ਨੇੜੇ ਕਿਲੀ ਚਹਿਲਾਂ ) ਵੀ ਸੋਚਣ ਲਈ ਮਜ਼ਬੂਰ ਹੋਵੇਗੀ ਕਿ, ਮੈਂ ਭਾਸ਼ਣਬਾਜ਼ੀ ਤੇ ਦਾਅਵਿਆਂ ਤੋਂ ਤੰਗ ਆ ਚੁੱਕੀ ਹਾਂ। ਮੇਰੀ ਹਿੱਕ 'ਤੇ ਖੜ੍ਹ ਕੇ ਝੂਠੀਆਂ ਕਸਮਾਂ ਖਾਣ ਦਾ ਕੀ ਬਣੇਗਾ। ਜੇਕਰ ਤੁਸੀਂ ਆਪਣੇ ਦੇਸ਼ ਤੇ ਲੋਕਾਂ ਬਾਰੇ,,,,,,,।

ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
8146593089

## ਮੇਰੀ ਪਿਆਰੀ ਮਾਂ ਦਾ ਅੱਜ ਜਨਮਦਿਨ ਹੈ।



ਮੇਰੀ ਪਿਆਰੀ ਮਾਂ ਦਾ ਅੱਜ ਜਨਮਦਿਨ ਹੈ। ਮੈਨੂੰ ਹਮੇਸ਼ਾ ਤੋਂ ਇਸ ਗੱਲ ਦਾ ਗਿਲਾ ਰਿਹਾ ਹੈ ਕਿ ਮੇਰੀ ਮਾਂ ਸਿਰਫ ਮੇਰੀ ਨਹੀਂ ਰਹਿੰਦੀ। ਜੋ ਵੀ ਮੇਰੇ ਜਾਂ ਮੇਰੇ ਭਰਾ ਦੇ ਦੋਸਤ ਮਿੱਤਰ ਸਹੇਲੀਆਂ ਘਰ ਆਉਂਦੇ ਹਨ ਸਭ ਦੀ ਮਾਂ ਹੋ ਜਾਂਦੀ ਹੈ। ਉਸਨੂੰ ਸਭ ਦਾ ਖਿਆਲ ਰਹਿੰਦਾ ਹੈ। ਉਹ ਹਰ ਕਿਸੇ ਦੀ ਨਿੱਕੀ ਨਿੱਕੀ ਗੱਲ ਯਾਦ ਰੱਖਦੀ ਹੈ। ਪਿਆਰ ਨਾਲ ਲਬਰੇਜ ਇਹ ਰੂਹ ਜੋ ਮੇਰੀ ਮਾਂ ਹੈ ਮੈਨੂੰ ਬਹੁਤ ਪਿਆਰੀ ਹੈ। ਮੈਂ ਉਸ ਤੋਂ ਸਬਰ ਸਿਦਕ ਪਿਆਰ ਆਪਣਾ ਅਤੇ ਫਕੀਰੀ ਸਿੱਖੀ ਹੈ। ਮੇਰੀ ਮਾਂ ਮੇਰੀ ਰੂਹਾਨੀ ਗੁਰੂ ਵੀ ਹੈ। ਉਸਨੇ ਮੈਨੂੰ ਇਸ ਤਰ੍ਹਾਂ ਨਾਲ ਪਾਲਿਆ ਹੈ ਕਿ ਅੱਜ ਮੈਂ ਜੋ ਵੀ ਹਾਂ ਉਸ ਤੇ ਮੈਨੂੰ ਵੀ ਮਾਣ ਹੈ ਤੇ ਉਸਨੂੰ ਵੀ। ਤੁਹਾਡੀਆਂ ਸਭ ਦੀਆਂ ਮੁਬਾਰਕਾਂ ਦੀ ਉਡੀਕ ਹੈ।

ਲੇਖਕ :ਹਰਪ੍ਰੀਤ ਕੌਰ ਸੰਧੂ।

# ਮਖਿਆ ਗੱਲ ਸੁਣ...ਮਾਲਕੋ...ਓ ਸੁਣ ਤਾਂ ਸਹੀ....!ਹਟੋ ਨਾ!..ਕਿਉਂ ਤੰਗ ਕਰਦੇ ਓਂ....ਜਵਾਕ ਦਾ ਟਿਫਨ ਬਣਾਉਣ ਦਓ, ਲੇਟ ਹੋਜੂ

(ਲੇਖਕ : ਨਰਿੰਦਰ ਕੌਰ।)

ਮਖਿਆ ਗੱਲ ਸੁਣ...ਮਾਲਕੋ...ਓ ਸੁਣ ਤਾਂ ਸਹੀ....!

ਹਟੋ ਨਾ!..ਕਿਉਂ ਤੰਗ ਕਰਦੇ ਓਂ....ਜਵਾਕ ਦਾ ਟਿਫਨ ਬਣਾਉਣ ਦਓ, ਲੇਟ ਹੋਜੂ

ਉਹੋ! ਟਿਫਨ ਟੁਫ਼ਨ ਬਣਾਈ ਜਾਹ, ਮੈਂ ਕੀ ਕਹਿੰਦਾ ਸੀ.. ਅੱਜ ਵੈਲੇਂਟਾਈਨ day ਆ, ਚੱਲ ਕਿਤੇ ਘੁੰਮ ਕੇ ਆਉਨੇ ਆਂ ਅੱਜ,ਮੈਂ ਛੁੱਟੀ ਲਈ ਆ ਖਾਸ ...ਸੁਣਦੀ ਏਂ?

ਆਹੋ ਕੋਈ ਨਾ, ਚੱਲ ਪਾਂਗੇ... ਪਿੱਛੇ ਹਟੋ ਮੈਨੂੰ ਕਾਹਲ਼ੀ ਆ ਬਸ ਚਲੀ ਜਾਊ ਮੁੰਡੇ ਦੀ, ਬਾਥਰੂਮ ਵੇਹਲਾ ਈ ਆ, ਨਹਾ ਲਓ ਕੰਮ ਨਬੇੜੋ।

(ਦੋ ਕੁ ਘੰਟੇ ਬਾਅਦ)

ਚੱਲ ਹੁਣ 10 ਵਜ ਗੇ, ਰੋਟੀ ਵੀ ਖਾ ਲਈ ਬੇਬੇ ਬਾਪੂ ਨੇ, ਮੈਂ ਵੀ ਤਿਆਰ ਆਂ, ਚੱਲ ਓਹੀ ਸੂਟ ਪਾ ਲਾ ਫਿਟਿੰਗ ਵਾਲ਼ਾ, ਉਨਾਭੀ ਰੰਗ ਦਾ , ਬਾਹਲ਼ੀ ਜਚਦੀ ਏਂ ਓਸ ਚ

ਆਹੋ... ਥੋਨੂੰ ਬਸ ਰਸੋਈ ਦਾ ਕੰਮ ਹੀ ਨਿੱਬੜਿਆ ਦਿਖਦਾ, ਰੁਕ ਜੋ ਅਜੇ ਥੋੜਾ... ਕਪੜਿਆਂ ਦਾ ਢੇਰ ਪਿਆ, ਮਸ਼ੀਨ ਲਾਈ ਹੋਈ ਆ... ਏਨੀ ਕਾਹਲ਼ੀ ਏ ਤਾਂ ਨਾਲ ਕਰਾ ਦੋ ਕੰਮ

(ਡੇਢ ਘੰਟੇ ਬਾਅਦ)ਸਾਢੇ ਗਿਆਰਾਂ ਹੋਗੇ,ਹੋਇਆ ਨੀ ਤੇਰਾ ਕੰਮ ਅਜੇ?

ਹਾਂਜੀ ਬਸ ਕੱਪੜੇ ਸੁੱਕਣੇ ਪਾ ਆਈ ਆਂ, ਬਸ ਝਾੜੂ ਪੋਚਾ ਰਹਿ ਗਿਆ,



ਫੇਰ ਹੁੰਨੀ ਆਂ ਤਿਆਰ

(ਪੌਣੇ ਘੰਟੇ ਬਾਅਦ)

ਮਾਲਕੋ ਚੱਲੋ ਹੁਣ, ਅੱਧਾ ਦਿਨ ਤਾਂ ਏਥੇ ਹੀ ਲੰਘ ਗਿਆ, ਇੱਕ ਤਾਂ ਤੇਰੇ ਕੰਮ ਹੀ ਨੀ ਮੁੱਕਦੇ..

ਬੇਬੇ ਬਾਪੂ ਨੇ ਕਿਸੇ ਦੇ ਭੋਗ ਤੇ ਗੁਰਦਵਾਰੇ ਜਾਣਾ ਸੀ, ਛੱਡ ਆਓ ਮੈਂ ਉਦੋਂ ਤਕ ਗਵਾਂਢਣ ਜਿਹੜੀ ਕੱਪੜੇ ਸਿਉਂਦੀ ਉਸਤੋਂ ਸੂਟ ਲੈਕੇ ਆਈ, ਤਰਪਾਈ ਉੱਧੜ ਗੀ ਸੀ, ਠੀਕ ਕਰਨ ਨੂੰ ਦਿੱਤਾ

(ਇੱਕ ਘੰਟੇ ਬਾਅਦ)

ਸਵਾ ਇੱਕ ਹੋ ਗਿਆ,ਆਈ ਨੀ ਤੂੰ ਅਜੇ ਘਰੇ? ਮੈਂ ਛੱਡ ਵੀ ਆਇਆ ਬੇਬੇ ਬਾਪੂ ਨੂੰ,ਫੋਨ ਤਾਂ ਚੁੱਕ ਲਿਆ ਕਰ, ਮੈਂ ਦੋ ਵਾਰੀ ਕਾਲ ਕੀਤੀ..

ਹਾਂਜੀ ਬਸ ਆਗੀ, ਤਰਪਾਈ ਕੀਤੀ ਨੀ ਸੀ ਹੋਈ, ਸਾਹਮਣੇ ਹੀ ਕਰਵਾਈ ਖੜ ਕੇ, ਆਗੀ ਆਗੀ...

(ਦੋ ਵਜੇ ਗਏ ... ਬਸ ਦਾ ਹੌਰਨ ਵੱਜੇਆ)

ਮੈਂ ਤਿਆਰ ਹੋਗੀ... ਦੇਖਿਓ ਜ਼ਰਾ ਮੁੰਡੇ ਦੀ ਬਸ ਆਗੀ ਬਾਹਰ, ਲਇਓ ਉਹਨੂੰ...

ਪਾਪਾ ਤੁਸੀਂ ਕਿੱਥੇ ਚੱਲੇ ਓਂ, ਮੰਮੀ ਵੀ ਤਿਆਰ ਨੇ, ਮੈਂ ਵੀ ਜਾਊਂਗਾ ਨਾਲ

ਤੂੰ ਆਵਦੀ ਤਾਈ ਘਰ ਜਾਹ,ਨਾਲ਼ੇ ਟਿਊਸ਼ਨ ਨੀ ਜਾਣਾ ਤੂੰ?ਅਸੀਂ ਮਾੜਾ ਜਿਹਾ ਕੰਮ ਜਾਕੇ ਆਉਣਾ

ਨਹੀਂ ਨਹੀਂ... ਮੈਂ ਵੀ ਜਾਊਂ ਮੈਂ ਵੀ ਜਾਊਂ

ਕਿਉਂ ਰਵਾਉਂਦੇ ਓਂ, ਲੈ ਚੱਲੋ, ਐਵੀ ਪਿੱਛੋਂ ਰੋਂਦਾ ਰਹੂ, ਨਾਲ਼ੇ

ਢਾਈ ਵੱਜ ਗੇ, ਬੇਬੇ ਬਾਪੂ ਦਾ ਫੋਨ ਆਇਆ ਸੀ, ਕਹਿੰਦੇ ਆਕੇ ਲੈ ਜਾਓ, ਜਾਓ ਉਹਨਾਂ ਨੂੰ ਲੈ ਆਓ, ਮੈਂ ਉਦੋਂ ਤਕ ਮੁੰਡੇ ਦੇ ਕੱਪੜੇ ਪਾ ਦਿਨੀ ਆਂ

(ਅੱਧੇ ਘੰਟੇ ਬਾਅਦ)ਤਿੰਨ ਵਜੇ...

ਧੀਏ ਦੋ ਕ ਰੋਟੀਆਂ ਹੀ ਲਾਹ ਦੇ, ਉਥੇ ਤਾਂ ਅਗਲਿਆਂ ਬੂੜੇ ਦੇ ਭੋਗ ਤੇ ਪੂਰੀਆ ਬਣਾਈਆਂ ਸੀ, ਮੇਰੇ ਤਾਂ ਪਚਦੀਆਂ ਨੀ, ਮੁੜਕੇ ਬਦ ਹਜ਼ਮੀ ਹੋਜੂ, ਗੈਸ ਬਣ ਜਾਂਦੀ...

ਹਾਂਜੀ ਬਣਾ ਦਿਨੀ ਆਂ, ਬਾਪੂ ਜੀ ਤੁਸੀਂ ਵੀ ਖਾਓਂਗੇ?

ਆਹੋ ਧੀਏ, ਮੈਂ ਵੀ ਕੱਲੀਆਂ ਜਲੇਬੀਆਂ ਹੀ ਖਾਧੀਆਂ ਸੀ, ਉਹ ਵੀ ਲੱਗਦਾ ਉੱਤੇ ਜਹੇ ਪਈਆਂ

(ਪੌਣੇ ਘੰਟੇ ਬਾਅਦ)

ਚਲੋ ਹੁਣ ਚੱਲੀਏ, ਜਾਵਾਂਗੇ ਕਿੱਥੇ ਪਰ..

ਪਾਰਕ ਚੱਲਦੇ ਆਂ ਪਹਿਲਾਂ, ਧੁੱਪ ਹੈਗੀ ਅਜੇ

(ਪਾਰਕ ਵਿੱਚ)

ਮੰਮੀ.. ਏਥੇ ਸਾਰੇ ਅੰਕਲ ਆਂਟੀਆਂ tree ਪਿੱਛੇ ਕਿਉਂ ਲੁਕ ਕੇ ਬੈਠੇ ਨੇ?

ਚਲੋ ਜੀ ਚੱਲੀਏ ਇਥੋਂ, ਜਵਾਕ ਨੂੰ ਕੀ ਦਸਾਂ ਮੈਂ ਹੁਣ

(ਤਿਲ ਮਿਲਾਉਂਦੇ ਹੋਏ ) ਹੋਰ ਲੈਕੇ ਆ ਏਹਨੂੰ ਨਾਲ, ਮੈਂ ਤਾਂ ਮਨਾ ਕਰਦਾ ਸੀ, ਆਪ ਹੀ ਤਿਆਰ ਕਰ ਲਿਆ, ਅਖ਼ੇ ਲੈ ਜਾਂਦੇ ਆਂ ਜੀ...

ਚਲੋ ਚਲੋ ਮਾਲ ਚ ਚਲਦੇ ਆਂ

(ਮਾਲ ਵਿੱਚ )

ਮੰਮੀ ਮੰਮੀ ਆਹ ਖਿਡੌਣੇ ਦੀ ਦੁਕਾਨ ਚ ਜਾਣਾ ਮੈਂ ਤਾਂ, ਲੈਕੇ ਦਓ ਮੈਨੂੰ ਖਿਡੌਣਾ ਨਹੀਂ ਤਾਂ ਮੈਂ ਨੀ ਹਿੱਲਦਾ ਇਥੋਂ

ਮੰਮੀ ਭੁੱਖ ਲੱਗੀ ਆ

ਮੰਮੀ ਬਾਥਰੂਮ ਜਾਣਾ

ਮੰਮੀ ਗੋਦੀ ਚੱਕੋ ਮੈਂ ਥੱਕ ਗਿਆ

ਮੰਮੀ ਘਰ ਚੱਲੋ, ਨੀਂਦ ਆਈ ਆ ,

ਚੱਲੋ ਚੱਲੋ ਚੱਲੋ

ਚੁੱਪ ਕਰਦਾ ਕਿ ਨਹੀਂ ਤੇਰੇ ਕੰਨਾਂ ਤੇ ਲਾਊਂ ਏਥੇ ਹੀ, ਕਿਵੇਂ ਰਿਹਾੜ ਪਾਇਆ, ਘਰ ਨੀ ਬੈਠ ਹੁੰਦਾ ਸੀ ਤੇਰੇ ਤੋਂ, ਜਿਥੇ ਜਾਣਾ ਹੁੰਦਾ ਅਸੀਂ ਜੰਮਦੂਤ ਜਿਹਾ ਨਾਲ ਹੀ ਤੁਰ ਪੈਂਦਾ, ਤੇਰੇ ਡਰਾਮੇ ਹੀ ਨੀ ਲੋਟ ਆਉਂਦੇ, ਅਖ਼ੇ ਮਨਾ ਲਓ ਇਹਨਾਂ ਨਾਲ ਵੈਲੇਂਟਾਈਨ ਡੇ


ਬਸ ਕਰੋ ਹੁਣ, ਚੁੱਪ ਕਰਜੋ, ਲੋਕ ਸਾਡੇ ਕੰਨੀ ਹੀ ਦੇਖ ਰਹੇ ਨੇ, ਅੰਦਰ ਬਾਹਰ ਤਾਂ ਦੇਖ ਲਿਆ ਕਰੋ ਬੋਲਣ ਲੱਗੇ

ਨਾਲ਼ੇ ਜੀ ਚਲੋ ਚੱਲੀਏ ਘਰ, ਬੇਬੇ ਬਾਪੂ ਜੀ ਲਈ ਵੀ ਰੋਟੀ ਬਣਾਉਣੀ ਰਾਤ ਦੀ, ਮੁੰਡੇ ਨੇ ਸਕੂਲ ਵੀ ਜਾਣਾ ਸਵੇਰੇ, ਚਲੋ ਚੱਲੀਏ..

(ਉਹ ਤੁਰ ਪਏ, mall ਚ ਲੱਗੇ heart shape ਗੁਬਾਰੇ ਹਵਾ ਨਾਲ ਝੂਮ ਰਹੇ ਸਨ, ਜਿੰਦਗੀ ਦੀ ਹਕੀਕਤ ਉਹਨਾਂ ਨੂੰ ਮੂੰਹ ਚਿੜਾ ਰਹੀ ਸੀ)

ਨਰਿੰਦਰ ਕੌਰ

# ਤੁਸੀਂ ਜ਼ਿੰਦਗੀ ਵਿੱਚ ਕੁਝ ਸਿੱਖੋ ਜਾਂ ਨਾ ਸਿੱਖੋ, ਪਰ ਤੁਹਾਨੂੰ ਲੋਕਾਂ ਨੂੰ ਪਛਾਣਨਾ ਸਿੱਖਣਾ ਚਾਹੀਦਾ ਹੈ, (ਹਰਵਿੰਦਰ ਕੌਰ ਕਾਹਲੋਂ )



ਤੁਸੀਂ ਜ਼ਿੰਦਗੀ ਵਿੱਚ ਕੁਝ ਸਿੱਖੋ ਜਾਂ ਨਾ ਸਿੱਖੋ, ਪਰ ਤੁਹਾਨੂੰ ਲੋਕਾਂ ਨੂੰ ਪਛਾਣਨਾ ਸਿੱਖਣਾ ਚਾਹੀਦਾ ਹੈ, ਕਿਉਂਕਿ ਲੋਕ ਉਹ ਨਹੀਂ ਹੁੰਦੇ ਜੋ ਉਹ ਦਿਖਾਈ ਦਿੰਦੇ ਹਨ। ਕੁੱਝ ਲੋਕ ਤੁਹਾਡੀ ਜ਼ਿੰਦਗੀ ਵਿੱਚ ਸਵਾਰਥ ਵੱਸ ਆਏ ਹੁੰਦੇ ਹਨ ਜਦੋਂ ਸਵਾਰਥ ਪੂਰਾ ਹੋਣਾ ਹੁੰਦਾ ਹੈ ਉਹ ਤੁਹਾਡੀ ਜੀ ਹਜ਼ੂਰੀ ਕਰਦੇ ਹਨ ,ਚਾਪਲੂਸੀ ਦੀ ਤੇ ਗੱਲ ਹੀ ਛੱਡੋ,ਤੁਹਾਨੂੰ ਅਸਮਾਨ ਤੇ ਚੜ੍ਹਾ ਦੇਣਗੇ ,ਉਦੋਂ ਉਹਨਾਂ ਨੂੰ ਤੁਹਾਡਾ ਕੁੱਝ ਵੀ ਕਿਹਾ ਰੜਕਦਾ ਨਹੀਂ ,ਜਿੰਨੀ ਦੇਰ ਤੱਕ ਉਹਨਾਂ ਦਾ ਸਵਾਰਥ ਪੂਰਾ ਹੋ ਰਿਹਾ ਹੁੰਦਾ ਹੈ ,ਉਹ ਤੁਹਾਡੇ ਕਦਮਾਂ ਥੱਲੇ ਫੁੱਲ ਵਿਛਾਉਂਦੇ ਹਨ ,ਅਤੇ ਇੱਕ ਗੱਲ ਹੋਰ ਭੱਜ ਭੱਜ ਕੇ ਕੰਮ ਕਰਨ ਦਾ ਦਿਖਾਵਾ ਕਰਨਗੇ ਜਿਵੇਂ ਸਾਰਾ ਅਸਮਾਨ ਉਹਨਾਂ ਹੀ ਥੰਮ੍ਹਿਆਂ ਹੁੰਦਾ ਹੈ ਉਹ ਇੰਞ ਤੁਹਾਡੇ ਦਿਲ ਵਿੱਚ ਜਗ੍ਹਾ ਬਣਾਉਣਗੇ ਕਿ ਜਿਵੇਂ ਸਾਰੀ ਉੱਮਰ ਇਹ ਤੁਹਾਡੇ ਨਾਲ ਤੁਹਾਡਾ ਹੀ ਬਣਕੇ ਰਹਿਣਗੇ ਅਤੇ ਤੁਹਾਡੀਆਂ ਅੱਖਾਂ ਉੱਤੇ ਵਿਸ਼ਵਾਸ ਦੀ ਇਹੋ ਜਿਹੀ ਪੱਟੀ ਬੰਨਣਗੇ ਕਿ ਤੁਹਾਨੂੰ ਕੁੱਝ ਹੋਰ ਨਹੀਂ ਦਿਖਾਈ ਦੇਣਾ ਤੁਸੀਂ ਉਹਨਾਂ ਤੇ ਅੰਨਾ ਵਿਸ਼ਵਾਸ ਕਰਨ ਲੱਗ ਪਵੋਗੇ,ਇਥੋਂ ਤੱਕ ਕਿ ਇਹ ਲੋਕ ਤੁਹਾਨੂੰ ਰੱਬ ਦਾ ਦਰਜਾ ਦੇਣ ਲੱਗ ਜਾਣਗੇ ,ਤੁਹਾਡੇ ਦੁੱਖਾਂ ਪਰੇਸ਼ਾਨੀਆਂ ਵਿੱਚ ਇੰਞ ਸ਼ਰੀਕ ਹੋਣਗੇ ਜਿਵੇਂ ਇਹਨਾਂ ਤੋਂ ਵੱਡਾ ਤੁਹਾਡਾ ਕੋਈ ਹਮਦਰਦ ਹੋਰ ਕੋਈ ਹੋਵੇ ਹੀ ਨਾ ਅਤੇ ਤੁਸੀਂ ਏਸੇ ਭਰਮ ਜਾਲ ਵਿੱਚ ਫਸੇ ਸਭ ਕੁੱਝ ਇਹਨਾਂ ਤੋਂ ਨਿਛਾਵਰ ਕਰੀ ਜਾਓਗੇ ਅਤੇ ਫਿਰ ਇੱਕ ਏਡਾ ਵੱਡਾ ਝੂਠ ਕਿ ਸਾਨੂੰ ਪੈਸਾ ਨਹੀਂ ਤੁਹਾਡੀ ਛਤਰ ਛਾਇਆ ਦੀ ਹੀ ਜਰੂਰਤ ਹੈ, ਹੋਰ ਕੁੱਝ ਨਹੀਂ ਚਾਹੀਦਾ ਸਾਨੂੰ ਅਤੇ ਫਿਰ ਜਦੋਂ ਸਵਾਰਥ ਖਤਮ ਫਿਰ ਤੂੰ ਕੌਣ ਤੇ ਮੈਂ ਕੌਣ ਕਿਹੜਾ ਰਿਸ਼ਤਾ ਕਿਹੜਾ ਨਾਤਾ,ਇਹ ਤੇ ਸਭ ਮਾਇਆ ਜਾਲ ਸੀ ਜਿਸ ਵਿੱਚ ਇਹ ਅਗਲੇ ਨੂੰ ਲਪੇਟ ਕੇ ਬੈਠੇ ਹੁੰਦੇ ਹਨ ,ਫਿਰ ਇਹਨਾਂ ਦਾ ਅਸਲ ਚਿਹਰਾ ਸਾਹਮਣੇ ਆਉਂਦਾ,ਜਦੋਂ ਇਹ ਸਵਾਰਥੀ ਅਤੇ ਚਾਪਲੂਸ ਲੋਕ ਆਪਣਾ ਨਕਾਬ ਉਤਾਰਦੇ ਹਨ ,ਇਹ ਅੰਦਰੋਂ ਅੰਦਰ ਤੁਹਾਨੂੰ ਏਨੀ ਨਫ਼ਰਤ ਪਾਲ ਕੇ ਬੈਠੇ ਹੁੰਦੇ ਇਹ ਇਹਨਾਂ ਦੀਆਂ ਗੱਲਾਂ ਤੋਂ ਸਪੱਸ਼ਟ ਹੁੰਦਾ ਹੈ ,ਪਰ ਉਦੋਂ ਨੂੰ ਤੁਸੀਂ ਕਾਫ਼ੀ ਕੁੱਝ ਲੁਟਾ ਚੁੱਕੇ ਹੁੰਦੇ ਹੋ ਜਦੋਂ ਨੂੰ ਤੁਸੀਂ ਆਪਣੀਆਂ ਅੱਖਾਂ ਤੋਂ ਪੱਟੀ ਉਤਾਰਦੇ ਹੋ, ਮੇਰੇ ਨਾਲ ਇਹ ਅਕਸਰ ਹੁੰਦਾ ਅਤੇ ਹੁਣੇ ਤਾਜ਼ਾ ਤਾਜ਼ਾ ਹੋਇਆ ,ਤਾਂ ਹੀ ਮੈਂ ਆਪਣੀ ਜ਼ਿੰਦਗੀ ਦੇ ਤਜਰਬੇ ਤੋਂ ਇਹ ਗੱਲਾਂ ਸ਼ੇਅਰ ਕਰਦੀ ਰਹਿੰਦੀ ਹਾਂ ਕਿ ਚਾਪਲੂਸ ਲੋਕ ਬਹੁਤ ਖਤਰਨਾਕ ਹੁੰਦੇ ਹਨ ਹਾਲਾਂਕਿ ਇੱਕ ਗੱਲ ਦੱਸਾਂ ਚਾਪਲੂਸੀ ਦੇ ਸ਼ਬਦ ਸੁਨਣਾ ਜਾਂ ਬੋਲਣਾ ਮੈਂ ਪਸੰਦ ਨਹੀਂ ਕਰਦੀ ਇਹ ਨਾ ਸੋਚ ਲੈਣਾ ਕਿ ਸ਼ਾਇਦ ਚਾਪਲੂਸੀ ਤੋਂ ਖੁਸ਼ ਹੁੰਦੇ ਹੋਵੋਗੇ ਤਾਂ ਲੋਕ ਅਜਿਹਾ ਕਰ ਜਾਂਦੇ ਹਨ ਨਹੀਂ ਨਹੀਂ ਇੰਞ ਕੁਝ ਨਹੀਂ , ਸੋ ਇੱਕ ਗੱਲ ਹੈ ਧੰਨਵਾਦ ਇਹੋ ਜਿਹੇ ਲੋਕਾਂ ਦਾ ਵੀ ਜ਼ਿੰਦਗੀ ਵਿੱਚ ਆਉਣ ਲਈ ਬੜੇ ਵੱਡੇ ਜ਼ਿੰਦਗੀ ਦੇ ਸਬਕ ਦੇਕੇ ਜਾਂਦੇ ਹਨ ਕਿ ਵਿਸ਼ਵਾਸ ਕਿਸੇ ਤੇ ਵੀ ਕਰਨਾ ਹੋਵੇ ਤਾਂ ਅੱਖਾਂ ਖੋਲ੍ਹ ਕੇ ਕਰੋ ,ਚਾਪਲੂਸ ਅਤੇ ਸਵਾਰਥੀ ਲੋਕਾਂ ਤੋਂ ਜਿੰਨਾ ਹੋ ਸਕੇ ਦੂਰ ਰਹੋ ਅਤੇ ਇਹਨਾਂ ਦੀ ਪਹਿਚਾਣ ਕਰਨਾ ਸਿੱਖੋ ।

✍️ ਹਰਵਿੰਦਰ ਕੌਰ ਕਾਹਲੋਂ

# ਚੰਡੀਗੜ੍ਹ ਵਿੱਚ ਨਾਲੀਆਂ ਤਾਂ ਜ਼ਮੀਨ ਦੇ ਥੱਲੇ ਹਨ।ਘਰਾਂ-ਦਰਾਂ ਦੇ ਮੂਹਰੇ ਤਾਂ ਸੜਕ ਹੈ, ਜਿਸਨੂੰ ਵਰਦੀ ਵਾਲਾ ਜਮਾਂਦਾਰ ਸਾਫ਼ ਕਰ ਜਾਂਦਾ ਹੈ,



ਚੰਡੀਗੜ੍ਹ ਵਿੱਚ ਨਾਲੀਆਂ ਤਾਂ ਜ਼ਮੀਨ ਦੇ ਥੱਲੇ ਹਨ।ਘਰਾਂ-ਦਰਾਂ ਦੇ ਮੂਹਰੇ ਤਾਂ ਸੜਕ ਹੈ, ਜਿਸਨੂੰ ਵਰਦੀ ਵਾਲਾ ਜਮਾਂਦਾਰ ਸਾਫ਼ ਕਰ ਜਾਂਦਾ ਹੈ, ਪਰ ਮਕਾਨਾਂ ਦੀਆਂ ਕਤਾਰਾਂ ਦੇ ਪਿਛਵਾੜੇ ਦੋ ਧਿਰਾਂ ਦੀ ਸਾਂਝੀ ਗਲੀ ਵੀ ਹੁੰਦੀ ਹੈ, ਜੀਹਨੂੰ ਕੋਈ ਸਾਫ਼ ਨਹੀਂ ਕਰਦਾ। ਘਰ ਦਾ ਕੂੜ-ਕਬਾੜ ਕੰਧੇ ਪਾਰ ਡਿੱਗਦਾ ਰਹਿੰਦਾ ਹੈ । ਜਮਾਂ ਹੁੰਦਾ ਰਹਿੰਦਾ ਹੈ।...ਨੰਗੇ ਪੈਰਾਂ ਵਾਲੇ ਬੱਚੇ, ਗਲਾਂ ਵਿੱਚ ਬਗਲੀਆਂ ਬੰਨੀ ਢੇਰ ਫਰੋਲਦੇ ਰਹਿੰਦੇ ਨੇ, ਆਪਣੇ ਕੰਮ ਦੀਆਂ ਚੀਜ਼ਾਂ ਲੱਭਦੇ ਰਹਿੰਦੇ ਨੇ; ਕਾਵਾਂ ਤੇ ਕੁੱਤਿਆਂ ਵਾਂਗ ਢੇਰ ਖਿਲਾਰ ਕੇ ਹੋਰ ਗੰਦ ਪਾ ਜਾਂਦੇ ਨੇ। ਘਰਾਂ ਵਾਲੇ ਸਾਹਿਬਾਨ ਸੁਖ ਦੀ ਨੀਂਦ ਸੌਂ ਜਾਂਦੇ ਨੇ। ਚੰਡੀਗੜ੍ਹ ਪੰਦਰਾਂ ਸੈਕਟਰ ਦੇ ਸਾਊਆਂ ਦੀ ਕੁਝ ਦਿਨਾਂ ਤੋਂ ਨੀਂਦ ਹਰਾਮ ਹੋ ਗਈ ਹੈ।ਪਿਛਵਾੜੇ ਵਾਲੀਆਂ ਗਲੀਆਂ ਵਿੱਚ ਇੱਕ ਦੁੱਧ-ਚਿੱਟੇ ਬਸਤਰਾਂ ਵਾਲਾ ਬਜ਼ੁਰਗ ਸਵੇਰੇ ਸਵੇਰੇ ਗੇੜੇ ਮਾਰਨ ਲੱਗ ਪਿਆ ਹੈ।ਉਹਦੇ ਹੱਥ ਵਿੱਚ ਝਾੜੂ ਹੁੰਦਾ ਹੈ ਤੇ ਜੇਬ ਵਿੱਚ ਮਾਚਿਸ।ਉਹ ਰਾਮਾਇਣ ਦੀਆਂ ਚੌਪਾਈਆਂ ਨਹੀਂ ਪੜ੍ਹਦਾ ਤੇ ਨਾ ਹੀ ਗਰੀਬੂ-ਗਰੀਬੂ ਕਰਦਾ ਹੈ। ਉਹ ਤਾਂ ਅੱਖੀਂ ਡਿੱਠਾ ਹਾਲ, ਨਾਲੋ ਨਾਲ, ਪ੍ਰਸਾਰਿਤ ਕਰੀ ਜਾਂਦਾ ਹੈ। ਸਾਹਿਬ ਲੋਕਾਂ ਦੀ ਨੀਂਦ ਹਰਾਮ ਕਰੀ ਜਾਂਦਾ ਹੈ। ਜ਼ਰਾ ਸੁਣੋ, ਉਹ ਕੀ ਕਹਿ ਰਿਹਾ ਹੈ:-ਵੈਰੀ ਗੁਡ ! ਵੈਰੀ ਗੁਡ ! ..ਕਿਆ ਬਾਤ ਹੈ ... ਬਹੁਤ ਖੂਬ...ਸਿਗਰਟ ਪੀਤੇ, ਡੱਬੀ ਬਾਹਰ ...ਦਾਰੂ ਪੀਤੀ, ਅਧੀਆ ਬਾਹਰ...ਬਾਹਰ .. ਚਾਹ ਪੀਤੀ, ਪੱਤੀ ਸਬਜ਼ੀ ਧਰ ਲਈ, ਛਿਲਕੇ ਬਾਹਰ .. ਮਾਸ ਮੂੰਢਿਆ...ਹੱਡੀਆਂ ਬਾਹਰ ... ਫੈਮਿਲੀ ਪਲੈਨਿੰਗ ਅੰਦਰ, ਗੰਦ ਗੁਬਾਰੇ ਬਾਹਰ ...ਬੰਦੇ ਅੰਦਰ, ਕੁੱਤੇ ਬਾਹਰ ...ਬਾਹਰ ...ਵਾਹੁ ਵਾਹ ਵਾਹ ... “ਵਧੀਆ ਸ਼ਹਿਰ ਦੇ ਵਧੀਆ ਲੋਕ .... ਜਾਗੋ ਸੋਨੇ ਵਾਲੋ , ਆ ਗਿਆ ਤੁਹਾਡਾ ਜਮਾਂਦਾਰ ..! ਕੁਮੈਂਟਰੀ ਦੇ ਨਾਲ ਨਾਲ ਉਹ ਗੰਦ ਇਕੱਠਾ ਕਰਕੇ ਢੇਰੀ ਕਰੀ ਜਾਂਦਾ ਹੈ ਤੇ ਆਖੀਰ ਵਿੱਚ ਮਾਚਿਸ ਨੂੰ ਜੇਬ 'ਚੋਂ ਕੱਢ ਕੇ, ਢੇਰ ਨੂੰ ਅਗਨੀ ਦੇ ਕੇ , ਡੱਬੀ ਮੁੜ ਜੇਬ ਵਿੱਚ ਪਾ ਲੈਂਦਾ ਹੈ। ਬਾਤੂ ਇੱਕ ਪਾਸੇ ਰੱਖ ਕੇ , ਅੱਗ ਲਾਗੇ ਖੜ੍ਹਾ ਹੋ ਕੇ ਪ੍ਰਵਚਨ ਕਰਦਾ ਹੈ:- ਦੇਖੋ ਪਵਿੱਤਰ ਅਗਨੀ ਪ੍ਰਚੰਡ ਹੋ ਗਈ। ਤੁਹਾਡੀ ਸਿਆਣਪ ਦੀ ਹੋਲੀ ਜਲ ਗਈ। ਇੱਕ ਵਾਰੀ ਬਾਹਰ ਆ ਕੇ ਦੇਖੋ ਤਾਂ ਸਹੀ, ਕਿਵੇਂ ਤੁਹਾਡੇ ਗੰਦ 'ਚੋਂ ਪਵਿੱਤਰ ਅਗਨੀ ਦੀਆਂ ।ਰੰਗੀਨ ਲਪਟਾਂ ਉੱਠ ਰਹੀਆਂ ਹਨ।,, ਮਹਿਲਾਂ ਵਾਲਿਓ, ਕੁਝ ਤਾਂ ਬੋਲੋ। ਆਪਣੇ ਆਪਣੇ ਘਰਾਂ ਦੇ ਪਿਛਲੇ ਦਰਵਾਜ਼ੇ ਖੋਲ੍ਹੋ .. ਜਮਾਂਦਾਰ ਮਜ਼ਦੂਰੀ ਨਹੀਂ ਮੰਗਦਾ.. ਆਪਣੀ ਅਗਨੀ ਦੀ ਸੁੰਦਰਤਾ ਦੇਖੋ | ਆਪਣੀ ਅਗਨੀ ਦਾ ਨਿੱਘ ਮਾਨਣੇ ਕਿਉਂ ਸੰਗਦੇ ਹੋ ? ..ਮਾਚਿਸ ਮੇਰੀ ਹੈ , ਬਾਤੂ ਮੇਰਾ ਹੈ , ਗਲੀ ਤੁਹਾਡੀ ਹੈ , ਸਾਂਭੋ ਆਪਣੀ ਗਲੀ, ਮੈਂ ਚੱਲਿਆ..' ਬਜ਼ੁਰਗ ਚਲਿਆ ਜਾਂਦਾ ਹੈ , ਕਿਸੇ ਹੋਰ ਗਲੀ ਵਿੱਚ।ਗਲੀ ਦੇ ਜਾਗੇ ਹੋਏ ਲੋਕ ਮੁੜ ਸੌਣ ਦੀ ਕੋਸ਼ਿਸ਼ ਕਰਦੇ ਹਨ ਪਰ ਇੱਕ ਚਿੰਤਾ ਉਹਨਾਂ ਨੂੰ ਸੌਣ ਨਹੀਂ ਦੇਂਦੀ: “ਇਹਨੇ ਕੱਲ੍ਹ ਨੂੰ ਵੀ ਆਉਣਾ ਹੈ।” ਇਹ ਬੁੱਢਾ ਕਦੋਂ ਤੀਕ ਪਿਛਵਾੜੇ ਦੀਆਂ ਗਲੀਆਂ ਵਿੱਚ ਘੁੰਮੇਗਾ ? ਕਹਿੰਦੇ ਨੇ ਕਿਸੇ ਦਫ਼ਤਰ ਵਿੱਚ, ਇਹ ਕਾਫੀ ਵੱਡਾ ਅਫ਼ਸਰ ਸੀ। ਰਿਟਾਇਰ ਹੋਇਆਂ ਪੰਜ-ਸੱਤ ਸਾਲ ਹੋ ਗਏ ਨੇ। ਘਰ ਦੇ ਸੋਚਦੇ ਨੇ ਇਹਦਾ ਦਿਮਾਗ ਖਰਾਬ ਹੋ ਗਿਐ !ਬਹੁਤਾ ਘਬਰਾਉਣ ਦੀ ਲੋੜ ਨਹੀਂ... ਇਹ ਖਰਾਬ ਦਿਮਾਗ ਵਾਲਾ ਬੁੱਢਾ ਵੀ ਪਿਛਵਾੜੇ ਸੁਟਿਆ ਹੋਇਆ ਕੂੜਾ ਹੈ ....ਕੁਝ ਦਿਨਾਂ ਤੱਕ ਇਹਨੂੰ ਅਗਨੀ ਵਿਖਾ ਦਿੱਤੀ ਜਾਏਗੀ...!ਪਵਿੱਤਰ, ਚੰਡ ਅਗਨੀ 'ਚੋਂ ਸਭ ਦੀ ਨੀਂਦ ਸਹੀ ਸਲਾਮਤ ਵਾਪਸ ਆ ਜਾਏਗੀ।ਲਿਖਤੁਮ : ਭੂਸ਼ਨ ਧਿਆਨਪੁਰੀ ਦੀ ਇੱਕ ਪੁਰਾਣੀ ਲਿਖਤ!

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ




## ਟੀ-20 ਵਿਸ਼ਵ ਕੱਪ 2026 ਵਿੱਚ ਵੈਸਟ ਇੰਡੀਜ਼ ਨੇ ਨੇਪਾਲ ਨੂੰ 9 ਵਿਕਟਾਂ ਨਾਲ ਹਰਾ ਕੇ ਸੁਪਰ-8 ਵਿੱਚ ਜਗ੍ਹਾ ਬਣਾਈ ਹੈ।

ਟੀ-20 ਵਿਸ਼ਵ ਕੱਪ 2026 ਵਿੱਚ ਵੈਸਟ ਇੰਡੀਜ਼ ਨੇ ਨੇਪਾਲ ਨੂੰ 9 ਵਿਕਟਾਂ ਨਾਲ ਹਰਾ ਕੇ ਸੁਪਰ-8 ਵਿੱਚ ਜਗ੍ਹਾ ਬਣਾਈ ਹੈ। ਇਹ ਮੈਚ ਮੁੰਬਈ ਦੇ ਵਾਨਖੇੜੇ ਸਟੇਡੀਅਮ ਵਿੱਚ ਖੇਡਿਆ ਗਿਆ ਸੀ ਅਤੇ ਇਸ ਨਾਲ ਵੈਸਟ ਇੰਡੀਜ਼ ਟੂਰਨਾਮੈਂਟ ਵਿੱਚ ਸੁਪਰ-8 ਵਿੱਚ ਪਹੁੰਚਣ ਵਾਲੀ ਪਹਿਲੀ ਟੀਮ ਬਣ ਗਈ ਹੈ। ਨੇਪਾਲ ਇਸ ਹਾਰ ਤੋਂ ਬਾਅਦ ਟੂਰਨਾਮੈਂਟ ਤੋਂ ਬਾਹਰ ਹੋ ਗਿਆ ਹੈ। ਇਹ ਮੈਚ 15 ਫਰਵਰੀ 2026 ਨੂੰ ਖੇਡਿਆ ਗਿਆ ਅਤੇ ਵੈਸਟ ਇੰਡੀਜ਼ ਨੇ ਆਪਣੀ ਤੀਜੀ ਲਗਾਤਾਰ ਜਿੱਤ ਦਰਜ ਕੀਤੀ ਹੈ।ਕਪਤਾਨ ਸ਼ਾਈ ਹੋਪ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਚੁਣੀ। ਨੇਪਾਲ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 20 ਓਵਰਾਂ ਵਿੱਚ 8 ਵਿਕਟਾਂ ਗੁਆ ਕੇ ਸਿਰਫ 133 ਦੌੜਾਂ ਬਣਾਈਆਂ। ਨੇਪਾਲ ਦੀ ਸ਼ੁਰੂਆਤ ਬਹੁਤ ਖਰਾਬ ਰਹੀ ਅਤੇ ਪਾਵਰਪਲੇ ਵਿੱਚ ਉਹਨਾਂ ਨੇ 3 ਵਿਕਟਾਂ ਗੁਆ ਦਿੱਤੀਆਂ। ਪਾਵਰਪਲੇ ਵਿੱਚ ਉਹਨਾਂ ਦਾ ਸਕੋਰ ਸਿਰਫ 22 ਦੌੜਾਂ ਰਿਹਾ, ਜੋ ਇਸ ਵਿਸ਼ਵ ਕੱਪ ਵਿੱਚ ਸਭ ਤੋਂ ਘੱਟ ਸੀ। ਨੇਪਾਲ ਲਈ ਦੀਪੇਂਦਰ ਸਿੰਘ ਏਰੀ ਨੇ ਸ਼ਾਨਦਾਰ ਖੇਡ ਦਿਖਾਈ ਅਤੇ 47 ਗੇਂਦਾਂ ਵਿੱਚ 58 ਦੌੜਾਂ ਬਣਾਈਆਂ। ਸੋਮਪਾਲ ਕਾਮੀ ਨੇ 15 ਗੇਂਦਾਂ ਵਿੱਚ 26 ਦੌੜਾਂ ਬਣਾਈਆਂ ਅਤੇ ਅਜੇਤੂ ਰਹੇ। ਲੋਕੇਸ਼ ਬਾਮ ਨੇ 13 ਅਤੇ ਗੁਲਸ਼ਨ ਝਾ ਤੇ ਆਸਿਫ ਸ਼ੇਖ ਨੇ 11-11 ਦੌੜਾਂ ਬਣਾਈਆਂ। ਵੈਸਟ ਇੰਡੀਜ਼ ਲਈ ਜੇਸਨ ਹੋਲਡਰ ਨੇ ਸ਼ਾਨਦਾਰ ਗੇਂਦਬਾਜ਼ੀ ਕਰਦੇ ਹੋਏ 4 ਵਿਕਟਾਂ ਲਈਆਂ। ਮੈਥਿਊ ਫੋਰਡ ਨੇ 4 ਓਵਰਾਂ ਵਿੱਚ ਸਿਰਫ 10 ਦੌੜਾਂ ਦੇ ਕੇ 1 ਵਿਕਟ ਲਈ। ਰੋਸਟਨ ਚੇਜ਼, ਅਕੀਲ ਹੁਸੈਨ ਅਤੇ ਸ਼ਮਾਰ ਜੋਸਫ ਨੇ ਵੀ 1-1 ਵਿਕਟ ਲਈ।ਜਵਾਬ ਵਿੱਚ ਵੈਸਟ ਇੰਡੀਜ਼ ਨੇ ਟੀਚਾ ਬਹੁਤ ਆਸਾਨੀ ਨਾਲ ਹਾਸਲ ਕਰ ਲਿਆ। ਉਹਨਾਂ ਨੇ 15.2 ਓਵਰਾਂ ਵਿੱਚ ਸਿਰਫ 1 ਵਿਕਟ ਗੁਆ ਕੇ 134 ਦੌੜਾਂ ਬਣਾ ਲਈਆਂ ਅਤੇ 28 ਗੇਂਦਾਂ ਬਾਕੀ ਰਹਿੰਦੀਆਂ ਮੈਚ ਜਿੱਤ ਲਿਆ। ਕਪਤਾਨ ਸ਼ਾਈ ਹੋਪ ਨੇ ਨਾਬਾਦ 61 ਦੌੜਾਂ ਬਣਾਈਆਂ, ਜੋ 44 ਗੇਂਦਾਂ ਵਿੱਚ ਆਈਆਂ। ਉਹਨਾਂ ਨੇ ਆਪਣੀ ਅਰਧ ਸੈਂਕੜਾ ਪੂਰਾ ਕੀਤਾ ਅਤੇ ਟੀਮ ਨੂੰ ਜਿੱਤ ਵੱਲ ਲੈ ਗਏ। ਸ਼ਿਨਰੋਨ ਹੇਟਮਾਇਰ ਨੇ ਨਾਬਾਦ 46 ਦੌੜਾਂ ਬਣਾਈਆਂ ਅਤੇ ਬ੍ਰੈਂਡਨ ਕਿੰਗ ਨੇ 22 ਦੌੜਾਂ ਦਾ ਯੋਗਦਾਨ ਪਾਇਆ। ਨੇਪਾਲ ਲਈ ਨੰਦਨ ਯਾਦਵ ਨੇ ਇੱਕ ਵਿਕਟ ਲਈ। ਇਹ ਜਿੱਤ ਵੈਸਟ ਇੰਡੀਜ਼ ਲਈ ਬਹੁਤ ਮਹੱਤਵਪੂਰਨ ਸੀ ਕਿਉਂਕਿ ਉਹਨਾਂ ਨੇ ਲਗਾਤਾਰ ਤਿੰਨ ਮੈਚ ਜਿੱਤ ਕੇ ਸੁਪਰ-8 ਵਿੱਚ ਐਂਟਰੀ ਮਾਰੀ।ਇਸ ਮੈਚ ਵਿੱਚ ਵੈਸਟ ਇੰਡੀਜ਼ ਦੀ ਗੇਂਦਬਾਜ਼ੀ ਅਤੇ ਬੱਲੇਬਾਜ਼ੀ ਦੋਵੇਂ ਵਧੀਆ ਰਹੀ। ਜੇਸਨ ਹੋਲਡਰ ਨੂੰ ਪਲੇਅਰ ਆਫ ਦ ਮੈਚ ਚੁਣਿਆ ਗਿਆ। ਨੇਪਾਲ ਨੇ ਆਪਣੇ ਪਹਿਲੇ ਮੈਚ ਵਿੱਚ ਇੰਗਲੈਂਡ ਨੂੰ ਚੰਗਾ ਮੁਕਾਬਲਾ ਦਿੱਤਾ ਸੀ ਅਤੇ ਸਿਰਫ 4 ਦੌੜਾਂ ਨਾਲ ਹਾਰੇ ਸਨ, ਪਰ ਇਟਲੀ ਤੋਂ 10 ਵਿਕਟਾਂ ਨਾਲ ਹਾਰ ਤੋਂ ਬਾਅਦ ਇਹ ਤੀਜੀ ਹਾਰ ਸੀ ਜਿਸ ਨਾਲ ਉਹਨਾਂ ਦੀ ਸੁਪਰ-8 ਵਿੱਚ ਪਹੁੰਚਣ ਦੀ ਉਮੀਦ ਖਤਮ ਹੋ ਗਈ। ਵੈਸਟ ਇੰਡੀਜ਼ ਨੇ ਆਪਣੀ ਤਾਕਤ ਅਤੇ ਅਨੁਭਵ ਦਾ ਪ੍ਰਦਰਸ਼ਨ ਕੀਤਾ ਅਤੇ ਟੂਰਨਾਮੈਂਟ ਵਿੱਚ ਮਜ਼ਬੂਤ ਸਥਿਤੀ ਬਣਾਈ। ਇਹ ਜਿੱਤ ਉਹਨਾਂ ਲਈ ਬਹੁਤ ਮਾਣ ਵਾਲੀ ਹੈ ਅਤੇ ਅੱਗੇ ਵਧੇਰੇ ਵਧੀਆ ਪ੍ਰਦਰਸ਼ਨ ਦੀ ਉਮੀਦ ਵਧਾਉਂਦੀ ਹੈ।ਇਹ ਮੈਚ ਮੁੰਬਈ ਦੇ ਵਾਨਖੇੜੇ ਸਟੇਡੀਅਮ ਵਿੱਚ ਖੇਡਿਆ ਗਿਆ ਸੀ ਅਤੇ ਇਸ ਨਾਲ ਵੈਸਟ ਇੰਡੀਜ਼ ਟੂਰਨਾਮੈਂਟ ਵਿੱਚ ਸੁਪਰ-8 ਵਿੱਚ ਪਹੁੰਚਣ ਵਾਲੀ ਪਹਿਲੀ ਟੀਮ ਬਣ ਗਈ ਹੈ। ਨੇਪਾਲ ਇਸ ਹਾਰ ਤੋਂ ਬਾਅਦ ਟੂਰਨਾਮੈਂਟ ਤੋਂ ਬਾਹਰ ਹੋ ਗਿਆ ਹੈ। ਕਪਤਾਨ ਸ਼ਾਈ ਹੋਪ ਨੇ ਨਾਬਾਦ 61 ਦੌੜਾਂ ਬਣਾਈਆਂ, ਜੋ 44 ਗੇਂਦਾਂ ਵਿੱਚ ਆਈਆਂ। ਉਹਨਾਂ ਨੇ ਆਪਣੀ ਅਰਧ ਸੈਂਕੜਾ ਪੂਰਾ ਕੀਤਾ ਅਤੇ ਟੀਮ ਨੂੰ ਜਿੱਤ ਵੱਲ ਲੈ ਗਏ। ਸ਼ਿਨਰੋਨ ਹੇਟਮਾਇਰ ਨੇ ਨਾਬਾਦ 46 ਦੌੜਾਂ ਬਣਾਈਆਂ ਅਤੇ ਬ੍ਰੈਂਡਨ ਕਿੰਗ ਨੇ 22 ਦੌੜਾਂ ਦਾ ਯੋਗਦਾਨ ਪਾਇਆ।

## ਰਾਜਸਥਾਨ ਦੇ ਭੀਲਵਾੜਾ ਜ਼ਿਲ੍ਹੇ ਵਿੱਚ ਇੱਕ ਦਰਦਨਾਕ ਅਤੇ ਮੰਦਭਾਗੀ ਘਟਨਾ ਵਾਪਰੀ ਹੈ



*ਜਿੱਥੇ ਚਾਰ ਲੋਕਾਂ ਨੇ ਕੈਮੀਕਲ ਨੂੰ ਸ਼ਰਾਬ ਸਮਝ ਕੇ ਪੀ ਲਿਆ ਅਤੇ ਉਨ੍ਹਾਂ ਦੀ ਮੌਤ ਹੋ ਗਈ। ਇਹ ਘਟਨਾ ਗੰਗਾਪੁਰ ਥਾਣਾ ਖੇਤਰ ਦੇ ਪਿੰਡ ਅਲੌਲੀ ਵਿੱਚ ਵਾਪਰੀ। ਮ੍ਰਿਤਕਾਂ ਵਿੱਚ ਤਿੰਨ ਔਰਤਾਂ ਸ਼ਾਮਲ ਸਨ ਅਤੇ ਇੱਕ ਔਰਤ ਦੀ ਹਾਲਤ ਬਹੁਤ ਗੰਭੀਰ ਸੀ।*

ਰਾਜਸਥਾਨ ਦੇ ਭੀਲਵਾੜਾ ਜ਼ਿਲ੍ਹੇ ਵਿੱਚ ਇੱਕ ਦਰਦਨਾਕ ਅਤੇ ਮੰਦਭਾਗੀ ਘਟਨਾ ਵਾਪਰੀ ਹੈ, ਜਿੱਥੇ ਚਾਰ ਲੋਕਾਂ ਨੇ ਕੈਮੀਕਲ ਨੂੰ ਸ਼ਰਾਬ ਸਮਝ ਕੇ ਪੀ ਲਿਆ ਅਤੇ ਉਨ੍ਹਾਂ ਦੀ ਮੌਤ ਹੋ ਗਈ। ਇਹ ਘਟਨਾ ਗੰਗਾਪੁਰ ਥਾਣਾ ਖੇਤਰ ਦੇ ਪਿੰਡ ਅਲੌਲੀ ਵਿੱਚ ਵਾਪਰੀ। ਮ੍ਰਿਤਕਾਂ ਵਿੱਚ ਤਿੰਨ ਔਰਤਾਂ ਸ਼ਾਮਲ ਸਨ ਅਤੇ ਇੱਕ ਔਰਤ ਦੀ ਹਾਲਤ ਬਹੁਤ ਗੰਭੀਰ ਸੀ। ਸਾਰੇ ਮ੍ਰਿਤਕ ਮਜ਼ਦੂਰ ਸਨ ਜੋ ਇੱਕ ਵਿਆਹ ਸਮਾਗਮ ਵਿੱਚ ਕੰਮ ਕਰਨ ਗਏ ਸਨ।

ਜਾਣਕਾਰੀ ਅਨੁਸਾਰ, ਵਿਆਹ ਵਾਲੀ ਥਾਂ ਤੇ ਖਾਣਾ ਗਰਮ ਕਰਨ ਲਈ ਵਰਤੇ ਜਾਣ ਵਾਲੇ ਫਿਊਲ ਜਾਂ ਸਫਾਈ ਲਈ ਰੱਖੇ ਗਏ ਕੈਮੀਕਲ (ਕੁਝ ਰਿਪੋਰਟਾਂ ਅਨੁਸਾਰ ਤੇਜ਼ਾਬ ਜਾਂ ਡਿਸ਼ਵਾਸ਼ਿੰਗ ਕੈਮੀਕਲ ਵਰਗਾ) ਨੂੰ ਉਨ੍ਹਾਂ ਨੇ ਸ਼ਰਾਬ ਸਮਝ ਲਿਆ। ਇਹ ਬੋਤਲਾਂ ਜਾਂ ਲਿਕੁਇਡ ਉੱਥੇ ਹੀ ਰੱਖੀਆਂ ਹੋਈਆਂ ਸਨ ਅਤੇ ਮਜ਼ਦੂਰਾਂ ਨੇ ਇਸ ਨੂੰ ਪੀ ਲਿਆ। ਥੋੜ੍ਹੀ ਦੇਰ ਬਾਅਦ ਹੀ ਉਨ੍ਹਾਂ ਨੂੰ ਬਹੁਤ ਤੇਜ਼ ਦਰਦ ਹੋਣ ਲੱਗਾ ਅਤੇ ਉਨ੍ਹਾਂ ਦੀ ਹਾਲਤ ਬਿਗੜ ਗਈ। ਇਸ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਪਰ ਚਾਰਾਂ ਦੀ ਮੌਤ ਹੋ ਗਈ।ਮ੍ਰਿਤਕਾਂ ਦੇ ਨਾਂ ਹਨ: ਸੁਸ਼ੀਲਾ (ਲਗਭਗ 40 ਸਾਲ), ਬਦਾਮੀ (60 ਸਾਲ), ਜਮਨੀ (60 ਸਾਲ) ਅਤੇ ਰਤਨ (42 ਸਾਲ)। ਇਹ ਸਾਰੇ ਇੱਕ ਪਰਿਵਾਰ ਜਾਂ ਨੇੜਲੇ ਰਿਸ਼ਤੇਦਾਰ ਸਨ ਅਤੇ ਵਿਆਹ ਵਿੱਚ ਸਫਾਈ ਜਾਂ ਹੋਰ ਕੰਮਾਂ ਲਈ ਰੱਖੇ ਗਏ ਸਨ। ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਅਤੇ ਪਰਿਵਾਰਾਂ ਵਿੱਚ ਮਾਤਮ ਛਾ ਗਿਆ।

ਪੁਲਿਸ ਅਤੇ ਪ੍ਰਸ਼ਾਸਨ ਨੇ ਤੁਰੰਤ ਮੌਕੇ ਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਐਸਪੀ ਧਰਮਿੰਦਰ ਸਿੰਘ ਯਾਦਵ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਜਗਮੀਤ ਸਿੰਘ ਸੰਧੂ ਵੀ ਮੌਕੇ ਤੇ ਪਹੁੰਚੇ। ਐਸਪੀ ਨੇ ਦੱਸਿਆ ਕਿ ਮ੍ਰਿਤਕ ਵਿਆਹ ਵਿੱਚ ਗਏ ਸਨ ਅਤੇ ਉੱਥੇ ਰੱਖੇ ਫਿਊਲ ਨੂੰ ਸ਼ਰਾਬ ਸਮਝ ਕੇ ਪੀ ਲਿਆ ਜਿਸ ਕਾਰਨ ਇਹ ਹਾਦਸਾ ਵਾਪਰਿਆ। ਉਨ੍ਹਾਂ ਕਿਹਾ ਕਿ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ।ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਐਮਜੀਐਚ ਹਸਪਤਾਲ ਭੇਜਿਆ ਗਿਆ। ਮੋਰਚਰੀ ਇੰਚਾਰਜ ਡਾਕਟਰ ਚੇਤਨ ਨੇ ਦੱਸਿਆ ਕਿ ਪੇਟ ਅੰਦਰ ਬਹੁਤ ਜਕੜਨ ਅਤੇ ਹੈਮਰੇਜ ਹੋਇਆ ਸੀ। ਪਹਿਲੀ ਨਜ਼ਰ ਵਿੱਚ ਇਹ ਸਟ੍ਰੌਂਗ ਪਾਇਜ਼ਨ ਜਾਂ ਤੇਜ਼ਾਬ ਵਰਗੇ ਕੈਮੀਕਲ ਦੇ ਸੇਵਨ ਵਰਗਾ ਲੱਗ ਰਿਹਾ ਹੈ। ਹਾਲਾਂਕਿ ਪਾਇਜ਼ਨ ਦੇ ਸਹੀ ਮਿਸ਼ਰਣ ਬਾਰੇ ਅਜੇ ਸਪੱਸ਼ਟਤਾ ਨਹੀਂ ਮਿਲੀ। ਸ਼ੱਕੀ ਲਿਕੁਇਡ ਦੇ ਸੈਂਪਲ ਲੈ ਕੇ ਲੈਬ ਵਿੱਚ ਜਾਂਚ ਲਈ ਭੇਜੇ ਗਏ ਹਨ। ਸ਼ਹਿਰ ਦੀਆਂ ਕੈਮੀਕਲ ਦੁਕਾਨਾਂ ਤੋਂ ਵੀ ਵੱਖ-ਵੱਖ ਕੈਮੀਕਲਾਂ ਦੇ ਸੈਂਪਲ ਭਰੇ ਜਾ ਰਹੇ ਹਨ ਤਾਂ ਜੋ ਸਹੀ ਕਾਰਨ ਪਤਾ ਲੱਗ ਸਕੇ।ਇਹ ਘਟਨਾ ਬਹੁਤ ਹੀ ਦੁਖਦਾਈ ਹੈ ਕਿਉਂਕਿ ਇੱਕ ਛੋਟੀ ਜਿਹੀ ਗਲਤੀ ਜਾਂ ਲਾਪਰਵਾਹੀ ਕਾਰਨ ਪੂਰੇ ਪਰਿਵਾਰ ਤਬਾਹ ਹੋ ਗਏ। ਅਕਸਰ ਗਰੀਬ ਮਜ਼ਦੂਰ ਵਰਗ ਦੇ ਲੋਕ ਅਜਿਹੇ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ ਜਿੱਥੇ ਸਫਾਈ ਜਾਂ ਹੋਰ ਕੰਮਾਂ ਲਈ ਵਰਤੇ ਜਾਣ ਵਾਲੇ ਖਤਰਨਾਕ ਕੈਮੀਕਲ ਖੁੱਲ੍ਹੇ ਰੱਖੇ ਜਾਂਦੇ ਹਨ ਅਤੇ ਉਹਨਾਂ ਨੂੰ ਪਛਾਣ ਨਹੀਂ ਹੁੰਦੀ। ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਸਬਕ ਲੈਣ ਦੀ ਲੋੜ ਹੈ। ਸਮਾਗਮਾਂ ਜਾਂ ਵਿਆਹਾਂ ਵਿੱਚ ਕੈਮੀਕਲਾਂ ਨੂੰ ਸੁਰੱਖਿਅਤ ਥਾਂ ਤੇ ਰੱਖਣਾ ਚਾਹੀਦਾ ਹੈ ਅਤੇ ਮਜ਼ਦੂਰਾਂ ਨੂੰ ਇਸ ਬਾਰੇ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ।ਪੁਲਿਸ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਜਲਦੀ ਹੀ ਰਿਪੋਰਟ ਆਉਣ ਦੀ ਉਮੀਦ ਹੈ। ਇਸ ਘਟਨਾ ਨੇ ਇੱਕ ਵਾਰ ਫਿਰ ਸਾਨੂੰ ਯਾਦ ਕਰਵਾਇਆ ਹੈ ਕਿ ਜ਼ਹਿਰੀਲੇ ਪਦਾਰਥਾਂ ਨਾਲ ਕਿੰਨੀ ਸਾਵਧਾਨੀ ਵਰਤਣੀ ਚਾਹੀਦੀ ਹੈ। ਅਜਿਹੇ ਹਾਦਸੇ ਨਾ ਸਿਰਫ਼ ਪਰਿਵਾਰਾਂ ਨੂੰ ਤਬਾਹ ਕਰਦੇ ਹਨ ਬਲਕਿ ਸਮਾਜ ਵਿੱਚ ਵੀ ਡਰ ਅਤੇ ਦੁੱਖ ਪੈਦਾ ਕਰਦੇ ਹਨ। ਰਾਜਸਥਾਨ ਪੁਲਿਸ ਅਤੇ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣ ਅਤੇ ਲੋਕਾਂ ਵਿੱਚ ਜਾਗਰੂਕਤਾ ਫੈਲਾਈ ਜਾਵੇ।

# ਨਵਾਂ ਮੋੜ ਪੰਜਾਬ ਦੀ ਸਿਆਸਤ ਵਿੱਚ ਇੱਕ ਨਵਾਂ ਮੋੜ ਆਉਣ ਵਾਲਾ ਹੈ।

## ਸ਼੍ਰੋਮਣੀ ਅਕਾਲੀ ਦਲ ਦੇ ਇੱਕ ਵੱਖਰੇ ਧੜੇ ਨੇ, ਜਿਸ ਨੂੰ ਅਕਾਲੀ ਦਲ (ਪੁਨਰ ਸੁਰਜੀਤ) ਵਜੋਂ ਜਾਣਿਆ ਜਾਂਦਾ ਹੈ, ਇਸ ਵਾਰ ਹੋਲਾ ਮਹੱਲਾ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿਆਸੀ ਕਾਨਫਰੰਸ ਕਰਨ ਦਾ ਐਲਾਨ ਕੀਤਾ ਹੈ।

ਪੰਜਾਬ ਦੀ ਸਿਆਸਤ ਵਿੱਚ ਇੱਕ ਨਵਾਂ ਮੋੜ ਆਉਣ ਵਾਲਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਇੱਕ ਵੱਖਰੇ ਧੜੇ ਨੇ, ਜਿਸ ਨੂੰ ਅਕਾਲੀ ਦਲ (ਪੁਨਰ ਸੁਰਜੀਤ) ਵਜੋਂ ਜਾਣਿਆ ਜਾਂਦਾ ਹੈ, ਇਸ ਵਾਰ ਹੋਲਾ ਮਹੱਲਾ ਮੌਕੇ ਸ੍ਰੀ ਨੰਦਪੁਰ ਸਾਹਿਬ ਵਿਖੇ ਸਿਆਸੀ ਕਾਨਫਰੰਸ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ 2018 ਤੋਂ ਚੱਲੀ ਆ ਰਹੀ ਇੱਕ ਪ੍ਰੰਪਰਾ ਨੂੰ ਤੋੜਦਾ ਹੈ, ਜਦੋਂ ਸਿੱਖ ਜਥੇਦਾਰਾਂ ਵੱਲੋਂ ਅਪੀਲ ਕੀਤੀ ਗਈ ਸੀ ਕਿ ਇਸ ਪਵਿੱਤਰ ਮੌਕੇ 'ਤੇ ਸਿਆਸੀ ਪਾਰਟੀਆਂ ਆਪਸ ਵਿੱਚ ਦੂਸ਼ਣਬਾਜ਼ੀ ਅਤੇ ਹਮਲੇ ਤੋਂ ਬਚਣ। ਉਸ ਸਮੇਂ ਤੋਂ ਬਾਅਦ ਪੰਜਾਬ ਦੀਆਂ ਵੱਡੀਆਂ ਪਾਰਟੀਆਂ ਨੇ ਅਨੰਦਪੁਰ ਸਾਹਿਬ ਵਿਖੇ ਰੈਲੀਆਂ ਜਾਂ ਕਾਨਫਰੰਸਾਂ ਤੋਂ ਪਰਹੇਜ਼ ਕੀਤਾ ਸੀ। ਪਰ ਹੁਣ ਅਕਾਲੀ ਦਲ (ਪੁਨਰ ਸੁਰਜੀਤ) ਨੇ ਇਸ ਨੂੰ ਚੁਣੌਤੀ ਦਿੰਦੇ ਹੋਏ ਆਪਣਾ ਸਟੈਂਡ ਸਪੱਸ਼ਟ ਕਰ ਦਿੱਤਾ ਹੈ।ਪਾਰਟੀ ਦੇ ਬੁਲਾਰੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਇਸ ਬਾਰੇ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਧੜਾ, ਜੋ ਅਕਾਲੀ ਦਲ (ਬਾਦਲ) ਤੋਂ ਵੱਖ ਹੋਇਆ ਹੈ, ਤਿੰਨ ਰੋਜ਼ਾ ਧਾਰਮਿਕ ਸਮਾਗਮ ਦੌਰਾਨ ਰੈਲੀ ਦਾ ਆਯੋਜਨ ਕਰੇਗਾ। ਥਾਂ ਵੀ ਚੁਣ ਲਈ ਗਈ ਹੈ – ਆਨੰਦਪੁਰ ਸਾਹਿਬ-ਕੀਰਤਪੁਰ ਸਾਹਿਬ ਮੁੱਖ ਮਾਰਗ 'ਤੇ। ਇਹ ਫੈਸਲਾ ਪਾਰਟੀ ਲਈ ਬਹੁਤ ਅਹਿਮ ਹੈ ਕਿਉਂਕਿ ਇਹ ਪਹਿਲੀ ਵਾਰ ਹੈ ਜਦੋਂ 2018 ਤੋਂ ਬਾਅਦ ਅਨੰਦਪੁਰ ਸਾਹਿਬ ਵਿਖੇ ਸਿਆਸੀ ਸਟੇਜ ਸਜਾਈ ਜਾਵੇਗੀ। ਚੰਦੂਮਾਜਰਾ ਨੇ ਦਲੀਲ ਦਿੱਤੀ ਕਿ ਜਥੇਦਾਰਾਂ ਨੇ ਸਿਰਫ ਨਿੱਜੀ ਦੂਸ਼ਣਬਾਜ਼ੀ ਤੋਂ ਮਨ੍ਹਾ ਕੀਤਾ ਸੀ, ਪਰ ਕਾਨਫਰੰਸਾਂ 'ਤੇ ਕੋਈ ਪਾਬੰਦੀ ਨਹੀਂ ਸੀ। ਉਨ੍ਹਾਂ ਕਿਹਾ ਕਿ ਹੋਲਾ ਮਹੱਲਾ ਦੀਆਂ ਜੜ੍ਹਾਂ ਖੁਦ ਸਿੱਖ ਇਤਿਹਾਸ ਦੀ ਸਿਆਸਤ ਨਾਲ ਜੁੜੀਆਂ ਹੋਈਆਂ ਹਨ। ਇਸ ਲਈ ਇਹ ਐਲਾਨ ਇਤਿਹਾਸਕ ਅਤੇ ਵਿਚਾਰਧਾਰਕ ਤੌਰ 'ਤੇ ਜਾਇਜ਼ ਹੈ।



### ਪੰਜਾਬ ਦੀ ਸਿਆਸਤ ਵਿੱਚ ਇੱਕ ਨਵਾਂ ਮੋੜ ਆਉਣ ਵਾਲਾ ਹੈ।

ਹੋਲਾ ਮਹੱਲਾ ਸਿੱਖ ਧਰਮ ਦਾ ਇੱਕ ਵੱਡਾ ਤਿਉਹਾਰ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਗਏ ਨਿਯਮਤ ਸਿਖਲਾਈ ਅਤੇ ਰੱਖਿਆ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ। ਹਰ ਸਾਲ ਲੱਖਾਂ ਸ਼ਰਧਾਲੂ ਅਨੰਦਪੁਰ ਸਾਹਿਬ ਪਹੁੰਚਦੇ ਹਨ। ਇੱਥੇ ਨਿਰੰਤਰ ਨਿਸ਼ਾਨ ਸਾਹਿਬ ਦੀ ਸਵਾਰੀ, ਰੰਗਲੇ ਮੇਲੇ, ਸ਼ਸਤਰ ਵਿਦਿਆ ਦੇ ਪ੍ਰਦਰਸ਼ਨ ਅਤੇ ਧਾਰਮਿਕ ਕੀਰਤਨ ਹੁੰਦੇ ਹਨ। ਜੋ ਪਹਿਲਾਂ ਅਕਾਲ ਤਖ਼ਤ ਦੇ ਜਥੇਦਾਰ ਰਹਿ ਚੁੱਕੇ ਹਨ। ਪਾਰਟੀ ਵਿੱਚ ਪ੍ਰੇਮ ਸਿੰਘ ਚੰਦੂਮਾਜਰਾ, ਸੰਤਾ ਸਿੰਘ ਉਮੈਦਪੁਰੀ ਵਰਗੇ ਸੀਨੀਅਰ ਆਗੂ ਸ਼ਾਮਲ ਹਨ। ਇਹ ਧੜਾ ਪੁਰਾਣੇ ਅਕਾਲੀ ਵਿਚਾਰਾਂ ਨੂੰ ਮੁੜ ਜਿਉਂਦਾ ਕਰਨ ਅਤੇ ਪੰਥਕ ਮੁੱਦਿਆਂ 'ਤੇ ਜ਼ੋਰ ਦੇਣ ਦਾ ਦਾਅਵਾ ਕਰਦਾ ਹੈ।

ਇਸ ਐਲਾਨ ਨਾਲ ਹੋਰ ਪਾਰਟੀਆਂ 'ਤੇ ਵੀ ਦਬਾਅ ਪੈ ਸਕਦਾ ਹੈ। ਹੁਣ ਤੱਕ ਆਪ, ਕਾਂਗਰਸ ਜਾਂ ਅਕਾਲੀ ਦਲ (ਬਾਦਲ) ਵੱਲੋਂ ਅਜਿਹੀ ਕੋਈ ਰੈਲੀ ਦਾ ਐਲਾਨ ਨਹੀਂ ਹੋਇਆ। ਪਰ ਜੇ ਇਹ ਧੜਾ ਸਫਲ ਹੋਇਆ ਤਾਂ ਹੋਰ ਵੀ ਪਾਰਟੀਆਂ ਆਪਣੇ ਫੈਸਲੇ ਬਦਲ ਸਕਦੀਆਂ ਹਨ।ਹੋਲਾ ਮਹੱਲਾ ਇਸ ਸਾਲ 27 ਫਰਵਰੀ ਤੋਂ 3 ਮਾਰਚ ਤੱਕ ਮਨਾਇਆ ਜਾਵੇਗਾ। ਇਸ ਦੌਰਾਨ ਲੱਖਾਂ ਲੋਕ ਆਉਣਗੇ। ਅਕਾਲੀ ਦਲ (ਪੁਨਰ ਸੁਰਜੀਤ) ਲਈ ਇਹ ਮੌਕਾ ਆਪਣੇ ਸਮਰਥਕਾਂ ਨੂੰ ਇਕੱਠਾ ਕਰਨ ਅਤੇ ਪੰਜਾਬ ਦੇ ਮੁੱਦਿਆਂ 'ਤੇ ਆਪਣੀ ਵਾਈਸ ਉਠਾਉਣ ਦਾ ਵਧੀਆ ਅਵਸਰ ਹੈ। ਇਹ ਵੇਖਣਾ ਦਿਲਚਸਪ ਹੋਵੇਗਾ ਕਿ ਇਸ ਕਦਮ ਨਾਲ ਸਿਆਸੀ ਮਾਹੌਲ ਕਿਵੇਂ ਬਦਲਦਾ ਹੈ ਅਤੇ ਕੀ ਇਹ ਪੰਥਕ ਏਕਤਾ ਨੂੰ ਮਜ਼ਬੂਤ ਕਰਦਾ ਹੈ ਜਾਂ ਵੰਡ ਪਾਉਂਦਾ ਹੈ।ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ ਹਮੇਸ਼ਾ ਮਹੱਤਵਪੂਰਨ ਰਹੀ ਹੈ। ਇਸ ਦੀਆਂ ਵੱਖ-ਵੱਖ ਧੜੇਬੰਦੀਆਂ ਨੇ ਵੱਖ-ਵੱਖ ਸਮੇਂ 'ਤੇ ਵੱਖਰੇ ਮੁੱਦੇ ਉਠਾਏ ਹਨ। ਪੁਨਰ ਸੁਰਜੀਤ ਧੜਾ ਆਪਣੇ ਆਪ ਨੂੰ ਅਸਲ ਅਕਾਲੀ ਵਿਚਾਰਧਾਰਾ ਦਾ ਵਾਰਸ ਦੱਸਦਾ ਹੈ। ਇਹ ਪਾਰਟੀ ਸਿੱਖ ਕੈਦੀਆਂ ਦੀ ਰਿਹਾਈ, ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਮਾਮਲਿਆਂ ਵਿੱਚ ਨਿਆਂ ਅਤੇ ਐਸ.ਜੀ.ਪੀ.ਸੀ. ਚੋਣਾਂ ਵਰਗੇ ਮਸਲਿਆਂ 'ਤੇ ਜ਼ੋਰ ਦਿੰਦੀ ਹੈ। ਹੋਲਾ ਮਹੱਲਾ ਵਰਗੇ ਵੱਡੇ ਮੈਦਾਨ 'ਤੇ ਆਪਣੀ ਮੌਜੂਦਗੀ ਦਰਸਾਉਣ ਨਾਲ ਇਹ ਧੜਾ ਆਪਣੀ ਪਕੜ ਮਜ਼ਬੂਤ ਕਰ ਸਕਦਾ ਹੈ। ਇਸ ਫੈਸਲੇ ਨਾਲ ਸਿਆਸੀ ਵਿਸ਼ਲੇਸ਼ਕਾਂ ਵਿੱਚ ਚਰਚਾ ਛਿੜ ਗਈ ਹੈ। ਕੁਝ ਲੋਕ ਇਸ ਨੂੰ ਸਾਹਸੀ ਕਦਮ ਮੰਨਦੇ ਹਨ, ਜਦਕਿ ਕੁਝ ਇਸ ਨੂੰ ਧਾਰਮਿਕ ਮੌਕੇ 'ਤੇ ਸਿਆਸਤ ਦੀ ਵਾਪਸੀ ਵਜੋਂ ਵੇਖਦੇ ਹਨ। ਪਰ ਇਹ ਸਪੱਸ਼ਟ ਹੈ ਕਿ ਅਨੰਦਪੁਰ ਸਾਹਿਬ ਵਿਖੇ ਸਿਆਸੀ ਗਤੀਵਿਧੀਆਂ ਮੁੜ ਸ਼ੁਰੂ ਹੋਣ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਨਵੀਂ ਊਰਜਾ ਆ ਸਕਦੀ ਹੈ। ਭਵਿੱਖ ਵਿੱਚ ਵੇਖਣਾ ਪਵੇਗਾ ਕਿ ਇਹ ਤਬਦੀਲੀ ਕਿਸ ਦਿਸ਼ਾ ਵੱਲ ਲੈ ਜਾਂਦੀ ਹੈ ਅਤੇ ਪੰਜਾਬ ਦੇ ਲੋਕ ਇਸ ਨੂੰ ਕਿਵੇਂ ਸਵੀਕਾਰ ਕਰਦੇ ਹਨ।

## ਸੰਗੀਤ ਦੇ ਬਾਦਸ਼ਾਹ ਪ੍ਰਿਥਵੀ ਰਾਜ ਚੋਪੜਾ ਜੀ ਨੂੰ ਯਾਦ ਕਰਦਿਆਂ ਬਸੰਤ ਉਤਸਵ ਪ੍ਰੋਗਰਾਮ ਤਹਿਤ ਕੀਤੇ ਸ਼ਰਧਾ ਸੁਮਨ ਅਰਪਿਤ : ਜਸਵੀਰ ਸ਼ਰਮਾ ਦੱਦਾਹੂਰ












**ਸ਼੍ਰੀ ਮੁਕਤਸਰ ਸਾਹਿਬ (ਜਸਵੀਰ ਸ਼ਰਮਾ ਦੱਦਾਹੂਰ ) |**

ਸ਼੍ਰੀ ਗੁਰੂ ਗੋਬਿੰਦ ਸਿੰਘ ਪਾਰਕ ਵਿਖੇ ਪਾਰਕ ਸੁਸਾਇਟੀ ਵੱਲੋਂ ਸ਼ਹਿਰ ਦੀ ਨਾਮਵਰ ਸੰਗੀਤਕ ਹਸਤੀ ਸ਼੍ਰੀ ਪ੍ਰਿਥਵੀ ਰਾਜ ਚੋਪੜਾ ਜੀ ਦੀ 13ਵੀਂ ਪੁਨਰ ਯਾਦ ਵਿੱਚ ਉਨ੍ਹਾਂ ਦੇ ਸਪੁੱਤਰ ਨਰੇਸ਼ ਚੋਪੜਾ ਜੀ ਵੱਲੋਂ ਇੱਕ ਭਾਵਭਿੰਨਾਂ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਓਨਾਂ ਵੱਲੋਂ ਤਰਾਸ਼ੇ ਹੀਰਿਆਂ ਰੂਪੀ ਸ਼ਗਿਰਦਾਂ ਨੇ ਓਨਾਂ ਦੀ ਯਾਦ ਵਿੱਚ ਭਜਨ ਬੰਦਗੀ ਅਤੇ ਗੀਤ ਸੰਗੀਤ ਦਾ ਬਹੁਤ ਹੀ ਭਾਵਪੂਰਤ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਸਮਾਰੋਹ ਵਿੱਚ ਸਮੁੱਚੇ ਸ਼ਹਿਰ ਵਿੱਚੋਂ ਸੰਗੀਤ ਨੂੰ ਪ੍ਰੇਮ ਕਰਨ ਵਾਲੇ ਦੋਸਤਾਂ ਮਿੱਤਰਾਂ ਅਤੇ ਓਨਾਂ ਦੇ ਸ਼ਗਿਰਦਾਂ ਨੇ ਸ਼ਮੂਲੀਅਤ ਕਰਦਿਆਂ ਓਨਾਂ ਦੀ ਯਾਦ ਨੂੰ ਤਾਜ਼ਾ ਕੀਤਾ। ਇਸ ਸੰਗੀਤਕ ਮਹਿਫਲ ਵਿੱਚ ਸੁਰਿੰਦਰ ਸ਼ਰਮਾ, ਰਵੀ ਸ਼ਰਮਾ, ਗੁਰਮੀਤ ਸਿੰਘ ਪੀ ਏ, ਸੱਤਪਾਲ ਅਰੋੜਾ, ਜਤਿੰਦਰ ਖੁਰਾਣਾ, ਰਾਜ ਕੁਮਾਰ, ਭੰਵਰ ਲਾਲ ਸ਼ਰਮਾਂ, ਜਸਵੀਰ ਸ਼ਰਮਾ ਦੱਦਾਹੂਰ, ਸੁਰਿੰਦਰ ਰਾਜਦੇਵ, ਜਤਿੰਦਰ ਸਿੰਘ ਚੋਜੀ, ਰਾਜੀਵ ਦਾਬੜਾ, ਤਾਰਾ ਚੰਦ, ਗੱਗੀ ਭਟੇਜਾ ਆਦਿ ਸਮੇਤ ਹੋਰ ਮਾਣਯੋਗ ਹਸਤੀਆਂ ਦੇ ਭਰਵੇਂ ਇਕੱਠ ਵਿੱਚ ਸੰਗੀਤ ਪ੍ਰੇਮੀਆਂ ਨੇ ਹਾਜ਼ਰੀ ਲਗਵਾਈ। ਇਹ ਸ਼ਰਧਾ ਸੁਮਨ ਅਰਪਿਤ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਇਸ ਸਮੇਂ ਤੇ ਇਸ ਸੰਗੀਤਕ ਸੁਸਾਇਟੀ ਵੱਲੋਂ ਆਪਣੀ ਰਵਾਇਤ ਜਾਰੀ ਰੱਖਦਿਆਂ ਸ਼੍ਰੀ ਨਰੇਸ਼ ਚੋਪੜਾ ਜੀ ਨੂੰ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਵੀ ਕੀਤਾ ਗਿਆ ਅਤੇ ਓਨਾਂ ਦੇ ਇਸ ਉਪਰਾਲੇ ਦੀ ਸਭਾ ਵੱਲੋਂ ਸਰਾਹਨਾ ਵੀ ਕੀਤੀ ਗਈ।

## ਆਯੂਸ਼ ਵਿਭਾਗ ਵੱਲੋਂ ਲਗਾਇਆ ਕੈਰੋਂ ਵਿਖੇ ਫਰੀ ਮੈਡੀਕਲ ਕੈਂਪ ਲਗਾਇਆ ਗਿਆ।

### ਕੈਂਪ ਦੌਰਾਨ 639 ਮਰੀਜਾਂ ਦਾ ਚੈਂਕਅੱਪ ਕਰਕੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ : ਡਾਕਟਰ ਦਿਲਬਾਗ ਸਿੰਘ





ਪੱਟੀ/ਚੋਹਲਾ ਸਾਹਿਬ 15 ਫਰਵਰੀ (ਅਜੀਤ ਘਰਿਆਲਾ, ਸਨਦੀਪ ਸਿੱਧੂ, ਪਰਮਿੰਦਰ ਚੋਹਲਾ)

ਆਯੂਸ਼ ਵਿਭਾਗ ਪੰਜਾਬ ਜਿਲ੍ਹਾ ਤਰਨ ਤਾਰਨ ਵੱਲੋਂ ਲਗਾਏ ਜਾ ਰਹੇ ਮੁਫ਼ਤ ਹੋਮਿਓਪੈਥਿਕ ਅਤੇ ਆਯੂਰਵੈਵਿਦ ਮੈਡੀਕਲ ਕੈਂਪਾਂ ਦੀ ਲੜੀ ਵਿੱਚ 9ਵਾਂ ਮੁਫ਼ਤ ਮੈਡੀਕਲ ਕੈਂਪ ਬਾਬਾ ਹੇਤਾ ਸਿੰਘ ਜੀ ਸ਼ਹੀਦ ਗੁਰਦੁਆਰਾ ਕੈਰੋਂ ਵਿਖੇ ਲਗਾਇਆ ਗਿਆ। ਇਹ ਕੈਂਪ ਡਾਕਟਰ ਭੁਪਿੰਦਰ ਕੌਰ ਹੋਮਿਓਪੈਥਿਕ ਜਿਲ੍ਹਾ ਅਫਸਰ ਤਰਨ ਤਾਰਨ ਅਤੇ ਡਾਕਟਰ ਸੀਮਾ ਜੈਨ ਜਿਲ੍ਹਾ ਆਯੂਰਵੈਦਿਕ ਅਫਸਰ ਤਰਨ ਤਾਰਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲਗਾਇਆ ਗਿਆ।ਕੈਂਪ ਵਿੱਚ ਆਏ ਮਰੀਜਾਂ ਲਈ ਆਯੂਸ਼ ਪੈਥੀਆਂ ਸਬੰਧੀ ਸੈਮੀਨਾਰ ਜਾਗਰੂਕਤਾ ਲਈ ਲਗਾਇਆ ਗਿਆ।ਇਸ ਵਿੱਚ ਜਾਣਕਾਰੀ ਦਿੰਦੇ ਹੋਏ ਡਾਕਟਰ ਦਿਲਬਾਗ ਸਿੰਘ ਸੰਧੂ ਹੋਮਿਓਪੈਥਿਕ ਮੈਡੀਕਲ ਅਫਸਰ ਸੀ ਐਚ ਸੀ ਕੈਰੋਂ ਵੱਲੋਂ ਦੱਸਿਆ ਗਿਆ ਕਿ ਸਾਨੂੰ ਆਪਣੇ ਘਰਾਂ ਵਿੱਚ ਸੁਹਜਨਾ,ਨਿੰਮ,ਆਵਲਰ,ਜੁਵੈਨ,ਕੜੀ ਪੱਤਾ,ਪਾਲਕ,ਧਨੀਆ ਨੂੰ ਲਗਾ ਕੇ ਕੁਦਰਤੀ ਤੌਰ ਉਗਾ ਕੇ ਵਰਤਣ ਨਾਲ ਸਾਡਾ ਸਰੀਰਕ ਤੰਦਰੁਸਤ ਰਹਿ ਸਕਦਾ ਹੈ ਅਤੇ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ।ਹੋਮਿਓਪੈਥਿਕ ਇਲਾਜ ਪ੍ਰਣਾਲੀ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਕੁਦਰਤੀ ਇਲਾਜ ਦੀ ਪ੍ਰਣਾਲੀ ਹੈ।ਇਸ ਦਵਾਈਆਂ ਨੂੰ ਡਾਕਟਰ ਦੀ ਸਲਾਹ ਮੁਤਾਬਕ ਵਰਤਣ ਨਾਲ ਕੋਈ ਸਾਈਡ ਇਫੈਕਟ ਨਹੀਂ ਹੁੰਦਾ।ਇ ਹਬਿਮਾਰੀ ਨੂੰ ਜੜ ਤੋਂ ਠੀਕ ਕਰਨ ਵਿੱਚ ਬਹਾਈ ਹੁੰਦੀ ਹੈ।ਕਿਉਂਕ ਇਹ ਸਰੀਰ ਵਿੱਚ ਆਏ ਅੰਸਤੁਲਨ ਨੂੰ ਠੀਕ ਕਰਦੀ ਹੈ।ਜਿਸ ਨਾਲ ਇੰਨਸਾਨ ਵਿੱਚ ਗੁੱਸਾ,ਚਿੰਤਾ,ਫਿਕਰ,ਡਰੋਣੇ ਸੁਪਨੇ,ਆਪਣੇ ਠੀਕ ਹੋ ਜਾਂਦੇ ਹਨ ਜੋ ਸਾਡੇ ਸਰੀਰ ਵਿੰਚ ਸੰਤੁਲਨ ਬਣਾ ਕਰਕੇ ਸਰੀਰ ਤੰਦਰੁਸਤ ਦਿਸ਼ਾ ਵੱਲ ਚੱਲ ਪੈਂਦਾ ਹੈ।ਸਾਨੂੰ ਸਾਡੀ ਖੁਰਾਦ ਦਾ ਪੂਰਾ ਧਿਆਨ ਰੱਖਣਾ ਚਾਹਦਾ ਹੈ।ਫਾਸਟ ਫੂਡ,ਰੀਫਾਈਡ, ਫੂਡ ਦੀ ਵਰਤੋਂ ਤੋ ਬਚਣਾ ਚਾਹੀਦਾ ਹੈ ਜੋ ਸਾਜਡੇ ਸਰੀਰ ਵਿੰਚ ਬਿਮਾਰੀਆਂ ਪੈਦਾ ਹੋਣ ਦਾ ਅਜੋਕੇ ਸਮੇਂ ਵਿੰਚ ਮੁੱਖ ਕਾਰਨ ਬਣ ਰਿਹਾ ਹੈ।ਕੈਂਪ ਵਿੱਚ ਡਾਕਟਰ ਦਿਲਬਾਗ ਸਿੰਘ ਸੰਧੂ,ਡਾਕਟਰ ਮਾਨਵਦੀਪ ਸਿੰਘ ਢਿਲੋਂ,ਡਾਕਟਰ ਚਾਰੂ ਅਰੋੜਾ ,ਡਾਕਟਰ ਮਨਵਿੰਦਰ ਕੌਰ ਵੱਲੋਂ ਮੈਡੀਕਲ ਅਫਸਰ ਵਜੋਂ ਪ੍ਰਭਜੀਤ ਸਿੰਘ ,ਵਾਲੀਆ,ਬਲਜੀਤ ਕੌਰ,ਡਾਕਟਰ ਰਜਿੰਦਰ ਕੁਮਾਰ ਅਤੇ ਅਜੰਤਾ ਕੋਸ਼ਲ ਡਿਸਪੈਂਸਰ ਦੀਆਂ ਸੇਵਾਵਾਂ ਨਿਭਾਈਆ ਗਈਆਂ।ਇਸ ਕੈਂਪ ਵਿੱਚ 639 ਮਰੀਜਾਂ ਦਾ ਚੈਕਅੱਪ ਕਰਕੇ ਮੁਫ਼ਤ ਹੋਮਿਓਪੈਥਿਕ ਅਤੇ ਆਯੂਰਵੈਦਿਕ ਦਵਾਈਆਂ ਦਿੱਤੀਆਂ ਗਈਆਂ।ਇਸ ਕੈਂਪ ਵਿੱਚ ਪ੍ਰਭਜੀਤ ਸਿੰਘ ਡਿਸਪੈਂਸਰ ਵੱਲੋਂ ਵਿਸ਼ੇਸ਼ ਸਹਿਯੋਗ ਕੀਤਾ ਗਿਆ।

## ਲਾਅ ਵਿਦਿਆਰਥਣ ਮ੍ਰਿਤਕ ਸਨਦੀਪ ਕੌਰ ਦੇ ਪਰਿਵਾਰ ਦੀ ਮਾਲੀ ਮਦਦ ਕੀਤੀ



**ਚੋਹਲਾ ਸਾਹਿਬ 15 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਬੀਤੇ ਦਿਨੀਂ ਲਾਅ ਕਾਲਜ ਤਰਨ ਤਾਰਨ ਦੀ ਵਿਦਿਆਰਥਣ ਸਨਦੀਪ ਕੌਰ ਦੀ ਇੱਕ ਲੜਕੇ ਵੱਲੋਂ ਕਲਾਸਰੂਮ ਵਿੱਚ ਦਾਖਲ ਹੋਕੇ ਗੋਲੀ ਮਾਰਕੇ ਹੱਤਿਆ ਕਰ ਦਿੱਤੀ ਗਈ ਸੀ ਜਿਸ ਕਾਰਨ ਪੂਰੀ ਦੁਨੀਆਂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।ਮ੍ਰਿਤਕ ਸਨਦੀਪ ਕੌਰ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਨ ਲਈ ਸੂਬੇਦਾਰ ਸੁਰਜੀਤ ਸਿੰਘ ਧੁੰਨ, ਡਾਇਰੈਕਟਰ ਬਲਬੀਰ ਸਿੰਘ ਬੱਲੀ,ਹਰਭਜਨ ਸਿੰਘ ਧੁੰਨ,ਪ੍ਰਿੰਸੀਪਲ ਮਦਨ ਪਠਾਣੀਆਂ ਆਦਿ ਉਹਨਾਂ ਦੇ ਗ੍ਰਹਿ ਵਿਖੇ ਪਹੁੰਚੇ।ਇਸ ਸਮੇਂ ਹਰਭਜਨ ਸਿੰਘ ਧੁੰਨ ਨੇ ਦੱਸਿਆ ਕਿ ਰੀਟਾ ਸੇਖੋਂ ਜੋ ਯੂ ਐਸ ਏ ਦੀ ਵਸਨੀਕ ਹੈ ਵੱਲੋਂ ਮ੍ਰਿਤਕ ਸਨਦੀਪ ਕੌਰ ਦੇ ਪਰਿਵਾਰ ਮੈਂਬਰਾਂ ਲਈ ਮਾਲੀ ਮਦਦ ਭੇਜੀ ਗਈ ਹੈ ਅਤੇ ਅੱਜ ਉਹ ਮ੍ਰਿਤਕ ਸਨਦੀਪ ਕੌਰ ਦੇ ਦਾਦਾ ਜੀ ਅਤੇ ਮਾਤਾ ਹਰਜਿੰਦਰ ਕੌਰ ਨੂੰ ਨਗਦ ਰਾਸ਼ੀ ਮਦਦ ਵਜੋਂ ਦੇ ਕੇ ਗਏ ਹਨ।ਉਹਨਾਂ ਪਰਿਵਾਰ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਅੱਗੇ ਵੀ ਜਰੂਰਤ ਅਨੁਸਾਰ ਉਹਨਾਂ ਦੀ ਮਦਦ ਕਰਦੇ ਰਹਿਣਗੇ।

## ਸੇਵੀਅਰ ਕਲੱਬ (ਰਜਿ.) ਵੱਲੋਂ ਸਫਾਈ ਮੁਹਿੰਮ ਦਾ ਆਗਾਜ਼



**ਪਟਿਆਲਾ 15 ਫਰਵਰੀ ( ਚਮਨਦੀਪ ਸ਼ਰਮਾ) |**

ਮਹਾਂਸ਼ਿਵਰਾਤਰੀ ਦੇ ਪਾਵਨ ਮੌਕੇ 'ਤੇ ਸੇਵੀਅਰ ਕਲੱਬ (ਰਜਿ.) ਪਟਿਆਲਾ ਦੇ ਮੈਂਬਰਾਂ ਵੱਲੋਂ ਸਫਾਈ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਦੀ ਸ਼ੁਰੂਆਤ ਮਹਾਰਾਜਾ ਯਾਦਵਿੰਦਰਾ ਇਨਕਲੇਵ (ਨਾਭਾ ਰੋਡ) ਦੇ ਮੇਨ ਗੇਟ ਦੇ ਨਾਲ ਬਣੀ ਨਵੀਂ ਮਾਰਕੀਟ ਦੇ ਖੇਤਰ ਤੋਂ ਕੀਤੀ ਗਈ। ਇਸ ਤੋਂ ਬਾਅਦ ਕਲੱਬ ਦੇ ਮੈਂਬਰ ਕਾਲੋਨੀ ਅਤੇ ਮੇਨ ਗੇਟ ਦੇ ਸਾਹਮਣੇ ਸਥਿਤ ਅਬਲੋਵਾਲ (ਨਾਭਾ ਰੋਡ) ਦੀ ਪੁਲੀ 'ਤੇ ਪਹੁੰਚੇ, ਜਿੱਥੇ ਪਲਾਸਟਿਕ ਦੇ ਲਿਫਾਫੇ, ਬੇਕਾਰ ਪਲਾਸਟਿਕ ਸਮੱਗਰੀ ਅਤੇ ਹੋਰ ਕੂੜਾ-ਕਰਕਟ ਨੂੰ ਵੱਡੇ ਥੈਲਿਆਂ ਵਿੱਚ ਇਕੱਠਾ ਕੀਤਾ ਗਿਆ। ਇਹ ਸਫਾਈ ਅਭਿਆਨ ਲਗਭਗ ਦੋ ਘੰਟਿਆਂ ਤੱਕ ਲਗਾਤਾਰ ਚੱਲਦਾ ਰਿਹਾ। ਇਸ ਦੌਰਾਨ ਅਬਲੋਵਾਲ ਦੇ ਐਮਸੀ ਸੁਖਬੀਰ ਸਿੰਘ ਨੇ ਅਭਿਆਨ ਵਿੱਚ ਸ਼ਿਰਕਤ ਕਰਦੇ ਹੋਏ ਕਲੱਬ ਦੇ ਇਸ ਉਪਰਾਲੇ ਦੀ ਸਰਾਹਨਾ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਅਤੇ ਜਨਤਾ ਦੇ ਸਹਿਯੋਗ ਨਾਲ ਆਉਣ ਵਾਲੇ ਸਮੇਂ ਵਿੱਚ ਵੱਡੇ ਪੱਧਰ 'ਤੇ ਸਫਾਈ ਮੁਹਿੰਮ ਚਲਾਈ ਜਾਵੇਗੀ। ਅਬਲੋਵਾਲ ਤੋਂ ਭਾਖੜਾ ਨਹਿਰ ਤੱਕ ਫੈਲੀ ਗੰਦਗੀ ਨੂੰ ਦੂਰ ਕਰਕੇ ਇਲਾਕੇ ਦੀ ਕਾਇਆ-ਕਲਪ ਕੀਤੀ ਜਾਵੇਗੀ। ਇਕੱਠੇ ਕੀਤੇ ਗਏ ਸਾਰੇ ਕੂੜੇ ਨੂੰ ਪੰਜਾਬੀ ਬਾਗ ਦੇ ਡੰਪ ਵਿੱਚ ਪਹੁੰਚਾ ਕੇ ਉਸ ਦਾ ਢੰਗ ਨਾਲ ਨਿਪਟਾਰਾ ਕੀਤਾ ਗਿਆ। ਇਸ ਸਫਾਈ ਮੁਹਿੰਮ ਵਿੱਚ ਪਵਨ ਗਰਗ, ਚਮਨ ਸ਼ਰਮਾ, ਰਾਜ ਸਿੰਘ, ਅਵਤਾਰ ਸਿੰਘ, ਹਰਪ੍ਰੀਤ ਸਿੰਘ ਅਤੇ ਹਰਸਿਮਰ ਕੌਰ ਸਮੇਤ ਹੋਰ ਮੈਂਬਰਾਂ ਨੇ ਭਾਗ ਲਿਆ। ਕਲੱਬ ਦੇ ਮੈਂਬਰਾਂ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਇਹ ਸਫਾਈ ਮੁਹਿੰਮ ਹਰ ਐਤਵਾਰ ਦੋ ਘੰਟਿਆਂ ਲਈ ਨਿਰੰਤਰ ਜਾਰੀ ਰਹੇਗੀ। ਇਸ ਤੋਂ ਇਲਾਵਾ ਇਲਾਕੇ ਦੀ ਸੁੰਦਰਤਾ ਵਧਾਉਣ ਲਈ ਸਜਾਵਟੀ ਅਤੇ ਪੱਕੇ ਬੂਟੇ ਲਗਾਉਣ ਦੀ ਯੋਜਨਾ ਵੀ ਬਣਾਈ ਗਈ ਹੈ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

MSM CONVENT SCHOOL
DHUN ROAD, CHOHLA SAHIB,
DISTT. TARN TARAN

Affiliated to CBSE New Delhi

ADMISSION OPEN

PLAYWAY TO XII

• Medical • Non-Medical
• Commerce • Arts Stream

*Age criteria as on 31st March

Playway : 2+ Years | Nursery : 3 to 4 Years
LKG : 4 to 5 Years | UKG : 5 to 6 Years



FREE ADMISSION IN PLAYWAY NURSERY & LKG for First 50 seats only

• Digital & Smart School • Parent's Orientation
• Emphasis on Creativity, Innovation, Public Speaking & Theatre
• Extensive Sports facilities like Cricket, Basketball, Kabaddi, Wrestling, Badminton, Football, Chess etc.
• FAP State Award for best sports facilities
• FAP National Award for budget-friendly School
• Holistic Development through Experiential Learning

50% Off IN ADMISSION CHARGES FOR ALL CLASSES for First 50 seats only

For Career opportunity : msmconventschool@gmail.com

Limited Seats Available
So Hurry Up! Call Now : 8288073538
msmconventschool@gmail.com
www.msmconventschool.com



ਸ੍ਰ. ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋ. ਗੁ. ਪ੍ਰਬੰਧਕ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ
ਗੁਰੂ ਅਰਜਨ ਦੇਵ ਖਾਲਸਾ ਕਾਲਜ
ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ



ਜਥੇ. ਗੁਰਬਚਨ ਸਿੰਘ ਕਰਮੂੰਵਾਲਾ
ਮੈਂਬਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ

Courses Offered
Post Graduation : • M.Sc. (Comp. Sci.) • M.Com.
Graduation : • BCA • B.Sc.(IT)
• B.Sc. (Comp. Sci.) • B.Sc. (Eco.) • B.Sc. (N.Med.)
• BBA • B.Com. • B.A.
Diploma : • DCA • PGDCA • DST
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ

10+1 & 10+2
Medical, Non-Medical, Commerce and Arts
ਪੰਜਾਬ ਸਕੂਲ ਸਿਖਿਆ ਬੋਰਡ ਤੋਂ ਮਾਨਤਾ ਪ੍ਰਾਪਤ

• Diploma in Artificial Intelligence
• Diploma in Cyber Security
• Certification Course in Digital Marketing
• Certification Course in Nanny Care

Affiliated to Jagat Guru Nanak Dev Punjab State Open University, Patiala

ਵਿਸ਼ੇਸ਼ਤਾਵਾਂ
- ਬਹੁਤ ਘੱਟ ਫ਼ੀਸਾਂ ਅਤੇ ਵੱਧ ਸਹੂਲਤਾਂ
- ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼
- ਕੌਮਾਂਤਰੀ ਪੱਧਰ ਦੇ ਖੇਡ ਮੈਦਾਨ
- ਅਤਿ-ਅਧੁਨਿਕ ਕੰਪਿਊਟਰ, ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਲੈਬ
- ਅਨੁਸੂਚਿਤ ਜਾਤੀ ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫਾ
- ਵਿਦਿਆਰਥੀਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਆਏ ਵਿਦਿਆਰਥੀਆਂ, ਸਕੇ ਭੈਣ-ਭਰਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਫੀਸਾਂ ਵਿਚ ਵਿਸ਼ੇਸ਼ ਰਿਆਇਤ

ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਖ਼ਾਸ ਵਜ਼ੀਫਾ
10+1 ਅਤੇ 10+2 : 5000/- ਰੁਪਏ
ਗ੍ਰੈਜੂਏਸ਼ਨ ਕੋਰਸ : 8000/- ਰੁਪਏ
ਪੋਸਟ ਗ੍ਰੈਜੂਏਸ਼ਨ ਕੋਰਸ : 10000/- ਰੁਪਏ

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ
ਸਰਹਾਲੀ, ਜ਼ਿਲ੍ਹਾ : ਤਰਨ ਤਾਰਨ (ਪੰਜਾਬ) 143410
ਸਰਹਾਲੀ ESTD. 1970
Website : ggskcsarhali.ac.in E-mail : ggscollegesarhali@yahoo.co.in
For Free Registration : Scan QR Code using WhatsApp Camera

ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ-ਗ੍ਰੈਜੂਏਟ ਪੱਧਰ ਤੱਕ ਦੇ ਕੋਰਸ ਚੱਲ ਰਹੇ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ ਗ੍ਰਾਂਟ-ਇਨ-ਏਡ-ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ (ਭਾਰਤ ਸਰਕਾਰ) ਤੋਂ ਸਹਾਇਤਾ ਪ੍ਰਾਪਤ ਕੋ-ਐਜੂਕੇਸ਼ਨਲ ਕਾਲਜ ਹੈ।

ਸੈਸ਼ਨ 2025-26 ਲਈ ਰਜਿਸਟ੍ਰੇਸ਼ਨ ਅਤੇ ਦਾਖ਼ਲਾ ਸ਼ੁਰੂ
10+1, 10+2 (ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ)

❖ B.A. ❖ B.C.A. ❖ M.Com. ❖ P.G.D.C.A.
❖ B.Sc. (N.M.) ❖ B.Com. ❖ M.A. (Pbi.) ❖ D.C.A.
❖ B.Sc. (C.Sc.) ❖ B.Sc. (Eco.) ❖ M.Sc. (IT) ❖ D.S.T.

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਕੋਰਸ

❖ B.C.A. ❖ M.A. (Pbi.) ❖ D.I.T. ❖ D.F.D.
❖ B.Com. ❖ M.A. (Eng.) ❖ M.Sc. (C.Sc.) ❖ C.G.S.T.
❖ B.B.A. ❖ M.C.A. ❖ M.B.A.
❖ Diploma in Care Giver (Old Age Care)
❖ Diploma in Nanny Care (Early Childhood Care)

ਵਿਸ਼ੇਸ਼ ਸਹੂਲਤਾਂ
❖ ਦਸਵੀਂ/ਬਾਰਵੀਂ ਚੋਂ 90% ਤੋਂ ਵਧੇਰੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 25% ਤੱਕ ਫ਼ੀਸ ਵਿੱਚ ਛੋਟ ਦਿੱਤੀ ਜਾਵੇਗੀ।
❖ ਇੱਕੋ ਪਰਿਵਾਰ ਦੇ ਸਕੇ ਭੈਣ ਭਰਾ ਨੂੰ ਫ਼ੀਸ ਵਿਚ ਵਿਸ਼ੇਸ਼ ਰਿਆਇਤ।
❖ ਅਨੁਸੂਚਿਤ ਸ਼੍ਰੇਣੀ (S.C.) ਦੇ ਯੋਗ ਵਿਦਿਆਰਥੀਆਂ ਨੂੰ ਪੰਜਾਬ/ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਵਜ਼ੀਫ਼ੇ ਦੀ ਸਹੂਲਤ।
❖ ਗ਼ੈਰ ਸਰਕਾਰੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਵੱਲੋਂ ਵਿਦਿਆਰਥੀਆਂ ਲਈ ਵਜ਼ੀਫ਼ੇ/ਆਰਥਿਕ ਸਹਾਇਤਾ ਦੀ ਸਹੂਲਤ।
❖ N.C.C., N.S.S., Gym, ਬੁੱਕਸ਼ਾਪ, ਕੈਫ਼ੇਟੇਰੀਆ ਅਤੇ ਖੇਡਾਂ ਦੀ ਵਿਸ਼ੇਸ਼ ਸਹੂਲਤ। ਉੱਚ ਯੋਗਤਾ ਪ੍ਰਾਪਤ, ਤਜ਼ਰਬੇਕਾਰ ਅਤੇ ਮੇਹਨਤੀ ਸਟਾਫ਼।

ਸ. ਹਰਜਿੰਦਰ ਸਿੰਘ (ਆਨਰੇਰੀ ਸਕੱਤਰ) (ਮੋ) : 98781-70700
Helpline No. : 95011-03467, 98780-68015, 94179-36759, 81469-99004
ਡਾ. ਜਸਬੀਰ ਸਿੰਘ ਗਿੱਲ (ਪ੍ਰਿੰਸੀਪਲ) (ਮੋ) : 95017-46500

# ਮੈਡੀਕਲ ਮੋਬਾਇਲ ਯੂਨਿਟ ਬਸ ਬੰਦ ਹੋਣ ਨਾਲ ਸਰਹੱਦੀ ਪਿੰਡਾਂ ਦੇ ਲੋਕ ਮਿਲਦੀਆਂ ਸਹੂਲਤਾਂ ਤੋਂ ਹੋਏ ਵਾਂਝੇ





ਗੁਰਪ੍ਰੀਤ ਸਿੰਘ ਕੱਦ ਗਿੱਲ,ਤਰਨ ਤਾਰਨ 15 ਫਰਵਰੀ ,-ਤਰਨ ਤਾਰਨ ਨੂੰ 2006 ਵਿੱਚ ਜ਼ਿਲ੍ਹਾ ਬਣਨ ਉਪਰੰਤ ਸਿਹਤ ਵਿਭਾਗ ਪੰਜਾਬ ਵੱਲੋ ਇਥੋਂ ਦੇ ਸਿਵਲ ਹਸਪਤਾਲ ਵਿਖੇ ਲੋਕਾਂ ਦੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਹੁਤ ਸਾਰੀਆਂ ਸਕੀਮਾਂ ਤਹਿਤ ਵੱਖ-ਵੱਖ ਪ੍ਰੋਗਰਾਮ ਸੁਰੂ ਕੀਤੇ ਗਏ। ਇਸੇ ਤਹਿਤ ਸਿਹਤ ਵਿਭਾਗ ਵੱਲੋ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਇਕ ਮਹੱਤਵਪੂਰਨ ਪ੍ਰੋਗਰਾਮ ਤਹਿਤ 2008 ਵਿੱਚ ਸਰਹੱਦੀ ਪਿੰਡਾਂ ਲਈ ਮੋਬਾਇਲ ਮੈਡੀਕਲ ਯੂਨਿਟ (ਐਮ ਐਮ ਯੂ) ਮੋਬਾਇਲ ਬਸ (ਵੈਨ )ਦੀ ਸ਼ੁਰੂਆਤ ਕੀਤੀ ਗਈ ਜਿਸ ਵਿੱਚ ਸਿਹਤ ਵਿਭਾਗ ਦੇ ਡਾਕਟਰੀ ਸਟਾਫ਼ ਵੱਲੋ ਜ਼ਿਲ੍ਹੇ ਦੇ ਸਰਹੱਦੀ ਵੱਖ ਵੱਖ ਸਰਹੱਦੀ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਸਨ। ਮੈਡੀਕਲ ਮੋਬਾਇਲ ਯੂਨਿਟ (ਬਸ) ਸ਼ੁਰੂ ਕਰਨ ਦਾ ਮਕਸਦ ਸੀ ਕੇ ਜੋ ਲੋਕ ਸਿਹਤ ਕੇਂਦਰਾਂ ਜਾ ਹਸਪਤਾਲਾਂ ਵਿੱਚ ਸਿਹਤ ਸਹੂਲਤਾਂ ਲੈਣ ਨਹੀਂ ਪੁੱਜ ਸਕਦੇ ਉਨ੍ਹਾਂ ਨੂੰ ਘਰਾਂ ਦੇ ਨੇੜੇ ਹੀ ਸਿਹਤ ਸਹੂਲਤਾਂ ਮਿਲ ਸਕਣ।ਇਸੇ ਮਕਸਦ ਨਾਲ ਇਹ ਬਸ ਵਿਚ ਪਿੰਡਾਂ ਵਿਚ ਸਾਂਝੀਆਂ ਥਾਵਾਂ 'ਤੇ ਜਾ ਕੇ ਕੰਮ ਕਰਦੀ ਸੀ। ਪਰ ਪਿਛਲੇ ਲੰਮੇ ਸਮੇਂ ਤੋਂ ਇਹ ਮੈਡੀਕਲ ਮੋਬਾਇਲ ਯੂਨਿਟ (ਬਸ) ਬੰਦ ਹੋਣ ਤੇ ਇਥੋਂ ਦੇ ਸਿਵਲ ਹਸਪਤਾਲ ਵਿਖੇ ਖੜੀ ਧੂੜ ਫਕ ਰਹੀ ਰਹੀ ਹੈ। ਜਾਣਕਾਰੀ ਅਨੁਸਾਰ ਇਸ ਖੜ੍ਹੀ ਬਸ ਮਿਆਦ ਪੁੱਗ ਚੁੱਕੀ ਹੈ ਇਸ ਵਿੱਚ ਤੈਨਾਤ ਡਾਕਟਰ ਸੇਵਾ ਮੁਕਤ ਹੋ ਗਏ ਸਨ ਜਿਸ ਉਪਰੰਤ ਉਨ੍ਹਾਂ ਦੀ ਥਾਂ ਤੇ ਆਰ ਬੀ ਐੱਸ ਕੇ ਅਤੇ ਸੀ ਐਚ ਉ ਦੀ ਤੈਨਾਤੀ ਕਰਕੇ ਇਸ ਨੂੰ ਲਗਾਤਾਰ ਚਾਲੂ ਰੱਖਿਆ ਗਿਆ ਸੀ।ਪਰ ਇਸ ਮੈਡੀਕਲ ਮੋਬਾਈਲ ਯੂਨਿਟ ਬਸ ਦੀ ਮਿਆਦ ਖਤਮ ਹੋਣ ਅਤੇ ਇਸ ਵਿੱਚ ਤੈਨਾਤ ਡਰਾਈਵਰ ਵੀ ਸੇਵਾ ਮੁਕਤੀ ਹੋ ਗਿਆ ਸੀ ਤੇ ਬਾਕੀ ਸਟਾਫ਼ ਨੂੰ ਵੱਖ ਵੱਖ ਲੋੜੀਂਦੀਆਂ ਥਾਵਾਂ ਤੇ ਤੈਨਾਤ ਕਰ ਦਿੱਤਾ ਗਿਆ ਇਸ ਕਰਕੇ ਇਸ ਬਸ ਨੂੰ ਬੰਦ ਕਰ ਦਿੱਤਾ ਗਿਆ ਹੈ।ਪਰ ਇਸ ਨੂੰ ਅੱਗੇ ਸ਼ੁਰੂ ਕਰਨ ਬਾਰੇ ਕਿਸੇ ਤਰਾਂ ਦੀ ਸਰਕਾਰ ਵੱਲੋ ਵਿਭਾਗ ਨੂੰ ਕੋਈ ਮਨਜ਼ੂਰੀ ਨਹੀਂ ਦਿੱਤੀ ਗਈ। ਇਸ ਕਰਕੇ ਜ਼ਿਲ੍ਹੇ ਦੇ ਸਰਹੱਦੀ ਲੋਕ ਮੋਬਾਈਲ ਯੂਨਿਟ ਬਸ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸਿਹਤ ਸਹੂਲਤਾਂ ਤੋਂ ਵਾਂਝੇ ਹੋ ਗਏ। ਮੈਡੀਕਲ ਮੋਬਾਇਲ ਯੂਨਿਟ ਬੱਸ ਵਿੱਚ ਮਿਲਦੀਆਂ ਸਨ ਇਹ ਲੋੜੀਂਦਾ ਸਹੂਲਤਾਂ ਸਿਹਤ ਵਿਭਾਗ ਵੱਲੋਂ ਸ਼ੁਰੂ ਕੀਤੀ ਮੈਡੀਕਲ ਮੋਬਾਇਲ ਯੂਨਿਟ ਬਸ ਵਿੱਚ ਇੱਕ ਡਾਕਟਰ, ਫਾਰਮਸਿਸ਼ਟ, ਲੈਬ ਟੈਕਨੀਸ਼ੀਅਨ, ਰੇਡੀਓਗਰਾਫਰ ਇੱਕ ਹੈਲਪਰ ਤੋਂ ਇਲਾਵਾ ਇੱਕ ਡਰਾਈਵਰ ਮੌਜੂਦ ਰਹਿੰਦੇ ਸਨ ਉਨ੍ਹਾਂ ਵੱਲੋਂ ਲੋਕਾਂ ਨੂੰ ਮੁਫਤ ਦਵਾਈ, ਲੈਬ ਟੈਸਟ, ਐਕਸਰੇ ਆਦਿ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਸੀ। ਇਹ ਮੈਡੀਕਲ ਮੋਬਾਈਲ ਯੂਨਿਟ ਬਸ ਵਿੱਚ ਮੌਜੂਦ ਟੀਮ ਵੱਲੋ ਲੋਕਾਂ ਨੂੰ ਵੱਖ -ਵੱਖ ਪਿੰਡਾਂ ਵਿੱਚ ਜਾ ਇਹ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਸਨ। ਤੇ ਬਸ ਬੜੀ ਸਫਲਤਾ ਪੂਰਵਕ ਆਪਣਾ ਕੰਮ ਕਰ ਰਹੀ ਸੀ।ਸਰਕਾਰ ਦੇ ਦਿਸ਼ਾ ਨਿਰਦੇਸ਼ ਆਉਣ ਤੇ ਮੁੜ ਸ਼ੁਰੂ ਕੀਤੀ ਜਾਵੇਗੀ ਮੋਬਾਈਲ ਮੈਡੀਕਲ ਯੂਨਿਟ ਬੱਸ- ਐਸ ਐਮ ਉ, ਸਿਵਲ ਹਸਪਤਾਲ ਤਰਨਤਾਰਨ ਦੇ ਕੰਪਲੈਕਸ ਅੰਦਰ ਖੜੀ ਮੈਡੀਕਲ ਬਸ ਬਾਰੇ ਇਥੋਂ ਦੇ ਸੀਨੀਅਰ ਮੈਡੀਕਲ ਅਫ਼ਸਰ ਦਾ ਸੁਰਿੰਦਰ ਸਿੰਘ ਨੇ ਕਿਹਾ ਲੋੜੀਂਦੇ ਸਟਾਫ ਸਮੇਤ ਇਹ ਮੋਬਾਇਲ ਮੈਡੀਕਲ ਯੂਨਿਟ ਬਸ ਲੋੜੀਦੇ ਸਟਾਫ ਸਮੇਤ ਪਿੰਡ ਪਿੰਡ ਜਾ ਕੇ ਸਿਹਤ ਸੇਵਾਵਾਂ ਪ੍ਰਦਾਨ ਕਰਦੀ ਹੈ। ਪਰ ਇਸ ਦੀ ਮਿਆਦ ਪੁੱਗਣ ਅਤੇ ਇਸ ਵਿੱਚ ਤੈਨਾਤ ਡਾਕਟਰ, ਡਰਾਈਵਰ ਸੇਵਾ ਮੁਕਤ ਹੋਣ ਕਰਕੇ ਇਸ ਨੂੰ ਬੰਦ ਕਰ ਦਿੱਤਾ ਗਿਆ ਹੈ।ਇਸ ਲਈ ਸਰਕਾਰ ਵੱਲੋਂ ਅਜੇ ਕੋਈ ਇਸ ਨੂੰ ਮੁੜ ਸ਼ੁਰੂ ਕਰਨ ਲਈ ਅਗਲੀ ਮਨਜ਼ੂਰੀ ਨਹੀਂ ਆਈ ਜਦ ਵੀ ਇਸ ਨੂੰ ਦੁਬਾਰਾ ਸ਼ੁਰੂ ਕਰਨ ਬਾਰੇ ਕੋਈ ਨਵੇਂ ਦਿਸ਼ਾ ਨਿਰਦੇਸ਼ ਪ੍ਰਾਪਤ ਹੁੰਦੇ ਹਨ ਤਾਂ ਇਸ ਨੂੰ ਜਲਦ ਹੀ ਪਹਿਲਾਂ ਵਾਂਗ ਪਿੰਡਾਂ ਵਿੱਚ ਭੇਜ ਕੇ ਇਸ ਦੀਆਂ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਜਾਣਗੀਆਂ। ਮੁੜ ਸ਼ੁਰੂ ਕੀਤੀ ਜਾਵੇ ਮੈਡੀਕਲ ਮੋਬਾਇਲ ਯੂਨਿਟ ਬਸ - ਗੁਰਭੇਜ ਸਿੰਘ, ਅਮਨਦੀਪ ਵੈਲਫੇਅਰ ਸੁਸਾਇਟੀ ਦੇ ਆਗੂ ਅਤੇ ਉੱਘੇ ਸਮਾਜ ਸੇਵਕ ਗੁਰਭੇਜ ਸਿੰਘ ਨੇ ਕਿਹਾ ਕਿ ਭਾਵੇਂ ਕਿ ਸੂਬਾ ਸਰਕਾਰ ਨੇ ਵੱਖ-ਵੱਖ ਥਾਵਾਂ ਤੇ ਆਮ ਆਦਮੀ ਕਲੀਨਿਕ ਖੋਲ ਕੇ ਲੋਕਾਂ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਪਰ ਇਹ ਮੈਡੀਕਲ ਮੋਬਾਇਲ ਯੂਨਿਟ ਬਸ ਲੋਕਾਂ ਦੇ ਘਰਾਂ ਦੇ ਨੇੜੇ ਤੱਕ ਪੁੱਜਦੀ ਸੀ ਤੇ ਜੋ ਲੋਕ ਆਪਣੇ ਘਰਾਂ ਤੋਂ ਸਿਹਤ ਕੇਂਦਰਾਂ ਜਾਂ ਹਸਪਤਾਲਾਂ ਵਿੱਚ ਨਹੀਂ ਪੁੱਜ ਸਕਦੇ ਸਨ ਉਹ ਲੋਕ ਇਸ ਤੋਂ ਬਹੁਤ ਜਿਆਦਾ ਲਾਭ ਪ੍ਰਾਪਤ ਕਰ ਰਹੇ ਸਨ ਜੋ ਇਸ ਸਮੇਂ ਤੋਂ ਵਾਂਝੇ ਹੋ ਗਏ ਹਨ। ਉਨ੍ਹਾਂ ਮੰਗ ਕੀਤੀ ਕੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਮੋਬਾਇਲ ਬਸ ਨੂੰ ਮੁੜ ਤੋਂ ਸ਼ੁਰੂ ਕੀਤਾ ਜਾਵੇ।

# *ਬਿਰਹਾ * ( ਗੁਰਜੀਤ ਕੌਰ ਰਾਣੂ)



ਹਵਾਵਾਂ ਵਿੱਚ ਪੈਗਾਮ ਤੂੰ ਪੜ,
ਛੋਹ ਜਾਵੇਂ ਪੌਣ ਤਾਂ ਮੇਰੀ ਛੋਹ ਨੂੰ ਫੜ,
ਬੋਲ ਵੀ ਤੇਰੇ ਕੰਨੀ ਪੈ ਜਾਂਦੇ,
ਤੂੰ ਵੀ ਲਫ਼ਜ਼ਾਂ ਨੂੰ ਪੌਣਾ ਰਾਹੀਂ ਪੜ,
ਮੁਹੱਬਤ ਦੇ ਰੰਗ ਵਿੱਚ ਡੁੱਬ ਕੇ ਅੜਿਆ,
ਤੂੰ ਗੀਤ ਪਿਆਰ ਦਾ ਪੜ,
ਹੱਸਦੇ ਖੇਲਦੇ ਇਹ ਲੰਘਣੀ ਜ਼ਿੰਦੜੀ,
ਐਵੇਂ ਸੋਚਾਂ ਦੇ ਵਿੱਚ ਨਾ ਅੜ,
ਇੱਕ ਮਿਕ ਹੋਣ ਦੇ ਕਰਲਾ ਵਾਅਦੇ,
ਰਾਣੂ ਬਿਰਹਾ ਚ ਨਾ ਤੂੰ ਸੜ.... ||
ਗੁਰਜੀਤ ਕੌਰ ਰਾਣੂ